
# ਸਤੂਨ

ਸੁਖਬੀਰ




ਹੇਮਕੁੰਟ

# ਜਨੂਨ

ਸੁਖਬੀਰ

© ਲੇਖਕ

ਪਹਿਲੀ ਵਾਰ 23 ਜਨਵਰੀ 1995

ਪ੍ਰਕਾਸ਼ਕ

ਹੇਮਕੁੰਟ ਪ੍ਰੈਸ

ਏ-78 ਨਾਰਾਇਣਾ ਇੰਡਸਟਰੀਅਲ ਏਰੀਆ, ਫ਼ੇਜ਼-I

ਨਵੀਂ ਦਿੱਲੀ-110028

ਮੁੱਲ : £ 2.99

Printed at The Central Electric Press A-12/1 Naraina Indl. Area, Phase-I, New Delhi-28.

ਉਹਨਾਂ ਦੇ ਨਾਮ

ਜਿਨ੍ਹਾਂ ਨੂੰ ਜੀਵਨ ਵਿਚ

ਪਿਆਰ ਨਹੀਂ ਮਿਲਿਆ।

# ਮੁਖਬੰਧ

ਕਵਿਤਾ ਦਿਲ ਦੀ ਜ਼ੁਬਾਨ ਅਤੇ ਅਹਿਸਾਸ ਦੀ ਆਵਾਜ਼ ਹੈ। ਇਹ ਜੀਵਨ ਦਾ ਉਹ ਗੀਤ ਹੈ ਜਿਸਨੂੰ ਕਿਸੇ ਵੀ ਸਾਜ਼ ਨਾਲ ਗਾਉਣ ਦੀ ਲੋੜ ਨਹੀਂ ਪੈਂਦੀ। ਇਹ ਆਪ ਮੁਹਾਰੇ ਬੋਲਦਾ ਹੈ। ਰਬ ਦੀ ਸਾਜੀ ਸ੍ਰਿਸ਼ਟੀ ਆਪਣੇ ਆਪ ਵਿਚ ਵੀ ਇਕ ਕਵਿਤਾ ਹੈ। ਕਵਿਤਾ ਹੁਸਨ ਹੈ, ਧੜਕਣ ਹੈ, ਥਰਥਰਾਹਟ ਹੈ, ਇਕ ਹਿਚਕੀ ਹੈ।

ਮੇਰੀ ਇਹ ਲੰਬੀ ਕਵਿਤਾ ਜਿਸਨੂੰ ਮੈਂ ਜਨੂਨ ਆਖਿਆ ਹੈ ਮੇਰੀ ਮਹਿਬੂਬਾ ਦੇ ਹੁਸਨ, ਇਸ਼ਕ, ਪਿਆਰ ਅਤੇ ਵਫ਼ਾ ਦੀ ਭੇਂਟ ਹੈ। ਜਿੰਨਾਂ ਪਿਆਰ ਮੈਨੂੰ ਆਪਣੇ ਜੀਵਨ ਵਿਚ ਆਪਣੀ ਸਾਥਣ ਤੋਂ ਮਿਲਿਆ ਹੈ ਉਹ ਅਕੱਥ ਹੈ। ਜਨੂਨ ਵਿਚ ਇੰਨਾਂ ਕੁਝ ਕਹਿ ਕੇ ਵੀ ਮੈਂ ਸਮਝਦਾ ਹਾਂ ਕਿ ਮੈਂ ਉਸ ਬਾਰੇ ਕੁਝ ਵੀ ਨਹੀਂ ਕਹਿ ਸਕਿਆ। ਰਬ ਅੱਗੇ ਅਰਦਾਸ ਹੈ ਕਿ ਉਹ ਸਾਨੂੰ ਨਜ਼ਰੇ ਬਦ ਤੋਂ ਬਚਾਵੇ ਅਤੇ ਮੇਰੇ ਪਿਆਰ ਨੂੰ ਕਿਸੇ ਦੀ ਨਜ਼ਰ ਨਾ ਲੱਗੇ।

ਲੰਦਨ

23 ਜਨਵਰੀ 1995 ਸੁਖਬੀਰ

ਮੇਰੀ ਪੂਨਮ : ਤੂੰ ਸ਼ਬਨਮ ਹੈਂ
ਤੂੰ ਜਾਨਮ ਹੈਂ
ਤੂੰ ਜ਼ਿੰਦਗੀ ਹੈਂ
ਤੂੰ ਬੰਦਗੀ ਹੈਂ।

(1)

ਮੇਰੀ ਜਾਨ : ਤੂੰ ਪਿਆਰ ਹੈਂ
ਤੂੰ ਯਾਰ ਹੈਂ
ਤੂੰ ਧਰਤੀ ਹੈਂ
ਤੂੰ ਭਗਤੀ ਹੈਂ।

(2)

ਮੇਰੀ ਰੂਹ : ਤੂੰ ਸੰਗੀਤ ਹੈਂ
ਤੂੰ ਪਰੀਤ ਹੈਂ
ਤੂੰ ਗਜ਼ਲ ਹੈਂ
ਤੂੰ ਦਿਲ ਹੈਂ।

(3)

ਮੇਰੀ ਆਸ਼ਕੀ : ਤੂੰ ਲਗਨ ਹੈਂ
ਤੂੰ ਗਗਨ ਹੈਂ
ਤੂੰ ਰਾਹਤ ਹੈਂ
ਤੂੰ ਚਾਹਤ ਹੈਂ।

(4)

ਮੇਰੀ ਮਹਿਬੂਬਾ: ਤੂੰ ਜਾਨ ਹੈਂ
ਤੂੰ ਜਹਾਨ ਹੈਂ
ਤੂੰ ਗੁਲਜ਼ਾਰ ਹੈਂ
ਤੂੰ ਬਹਾਰ ਹੈਂ।

(5)

ਮੇਰੀ ਪ੍ਰੀਤ : ਤੂੰ ਮੇਰੀ ਪੁਕਾਰ ਹੈਂ
ਤੂੰ ਮੇਰਾ ਸ਼ਿੰਗਾਰ ਹੈਂ
ਤੂੰ ਮੇਰੀ ਆਵਾਜ਼ ਹੈਂ
ਤੂੰ ਮੇਰਾ ਸਾਜ਼ ਹੈਂ।

(6)

ਮੇਰੀ ਆਰਜ਼ੂ : ਤੂੰ ਮੇਰੀ ਸ਼ਮਾ ਹੈਂ
ਤੂੰ ਮੇਰਾ ਨਗਮਾ ਹੈਂ
ਤੂੰ ਮੇਰੀ ਦਿਲਜਾਨੀ ਹੈਂ
ਤੂੰ ਮੇਰੀ ਕਹਾਣੀ ਹੈਂ।

(7)

ਮੇਰੀ ਕਿਰਨ : ਤੂੰ ਮੇਰੀ ਆਹਟ ਹੈਂ
ਤੂੰ ਮੇਰੀ ਮੁਸਕਰਾਹਟ ਹੈਂ
ਤੂੰ ਮੇਰੀ ਦਿਲ-ਨਸ਼ੀਨੀ ਹੈਂ
ਤੂੰ ਮੇਰੀ ਰੰਗੀਨੀ ਹੈਂ।

(8)

ਮੇਰੀ ਉਲਫਤ : ਤੂੰ ਮੇਰੀ ਮੁਹੱਬਤ ਹੈਂ
ਤੂੰ ਮੇਰੀ ਅਕੀਦਤ ਹੈਂ
ਤੂੰ ਮੇਰੀ ਖ਼ੁਦਾਈ ਹੈਂ
ਤੂੰ ਮੇਰੀ ਰੂਬਾਈ ਹੈਂ।

(9)

ਮੇਰੀ ਲਹਿਰ : ਤੂੰ ਮੇਰੀ ਕਸੱਕ ਹੈਂ
ਤੂੰ ਮੇਰੀ ਮਹਿਕ ਹੈਂ
ਤੂੰ ਮੇਰੀ ਬੇਹੋਸ਼ੀ ਹੈਂ
ਤੂੰ ਮੇਰੀ ਖ਼ਾਮੋਸ਼ੀ ਹੈਂ।

(10)

ਮੇਰੀ ਕਲੀ : ਤੂੰ ਮੇਰੀ ਰਵਾਨੀ ਹੈਂ
ਤੂੰ ਮੇਰੀ ਜਵਾਨੀ ਹੈਂ
ਤੂੰ ਮੇਰਾ ਅਰਮਾਨ ਹੈਂ
ਤੂੰ ਮੇਰਾ ਜਹਾਨ ਹੈਂ।

(11)

ਮੇਰੀ ਹਯਾਤ : ਤੂੰ ਮੇਰੀ ਰੈਨਾਈ ਹੈਂ।
ਤੂੰ ਮੇਰੀ ਤਨਹਾਈ ਹੈਂ
ਤੂੰ ਮੇਰੀ ਤਰੰਗ ਹੈਂ
ਤੂੰ ਮੇਰੀ ਉਮੰਗ ਹੈਂ।

(12)

ਮੇਰੀ ਤਮੰਨਾ : ਤੂੰ ਮੇਰੀ ਪਿਆਸ ਹੈਂ
ਤੂੰ ਮੇਰੀ ਆਸ ਹੈਂ
ਤੂੰ ਮੇਰਾ ਕਰਾਰ ਹੈਂ
ਤੂੰ ਮੇਰਾ ਇੰਤਜ਼ਾਰ ਹੈਂ।

(13)

ਮੇਰੀ ਆਹਟ : ਤੂੰ ਮੇਰੀ ਕੁਦਰਤ ਹੈਂ
ਤੂੰ ਮੇਰੀ ਉਲਫ਼ਤ ਹੈਂ
ਤੂੰ ਮੇਰੀ ਸ਼ੋਲਾ-ਨਵਾਈ ਹੈਂ
ਤੂੰ ਮੇਰੀ ਰੰਗੇ-ਪਾਰਮਾਈ ਹੈਂ।

(14)

ਮੇਰੀ ਸ਼ੋਖ਼ੀ : ਤੂੰ ਮੇਰਾ ਯਾਰਾਨਾ ਹੈਂ
ਤੂੰ ਮੇਰਾ ਤਰਾਨਾ ਹੈਂ
ਤੂੰ ਰੰਗੀਨ ਨਜ਼ਾਰਾ ਹੈਂ
ਤੂੰ ਮੇਰਾ ਸਹਾਰਾ ਹੈਂ।

(15)

ਮੇਰੇ ਜਨੂਨ ਤੂੰ ਮੇਰੀ ਸਰੂਰੇ-ਮਸਤੀ ਹੈਂ
ਤੂੰ ਰੋਸ਼ਨ ਫ਼ਜ਼ਾਏ-ਹਸਤੀ ਹੈਂ
ਤੂੰ ਮੁਹੱਬਤ ਦਾ ਕਿਨਾਰਾ ਹੈਂ
ਤੂੰ ਉਲਫ਼ਤ ਦਾ ਸਹਾਰਾ ਹੈਂ।

(16)

ਮੇਰੇ ਹਮਰਾਜ਼ : ਤੂੰ ਮੇਰੀ ਰੈਨਾਈ ਹੈਂ,
ਤੂੰ ਮੇਰੀ ਅੰਗੜਾਈ ਹੈਂ,
ਤੂੰ ਮੇਰੀ ਹਸਰਤ ਹੈਂ,
ਤੂੰ ਮੇਰੀ ਤਨਹਾਈ ਹੈਂ।

(17)

ਮੇਰੇ ਖ਼ਾਬ : ਤੂੰ ਮੇਰੀ ਜੀਵਨ ਦਾਤਾ ਏਂ,
ਤੂੰ ਮੇਰੀ ਪਰਾਨ ਵਿਧਾਤਾ ਏਂ,
ਤੂੰ ਮੇਰੀ ਹਰਯਾਲੀ ਏਂ.
ਤੂੰ ਮੇਰੀ ਖੁਸ਼ਹਾਲੀ ਏਂ।

(18)

ਮੇਰੇ ਤਸੱਵਰ : ਤੂੰ ਹੀ ਮੇਰੀ ਸ਼ਰਮਾਹਟ ਏਂ,
ਤੂੰ ਹੀ ਮੇਰੀ ਮੁਸਕਰਾਹਟ ਏਂ,
ਤੂੰ ਮੇਰੀ ਰੂਹ-ਪਾਵਨ ਏਂ,
ਤੂੰ ਹੀ ਮੇਰਾ ਸਾਵਨ ਏਂ,।

(19)

ਤੂੰ ਹੈ ਮੇਰਾ ਦਿਲ ਚੁਰਾਇਆ,
ਉਸ ਵਿਚ ਪਿਆਰ ਦਾ ਬੂਟਾ ਲਾਇਆ,
ਸਾਵਨ, ਪਤਝੜ ਦੋਨੋਂ ਤੇਰੇ,
ਤੇਰੇ ਵਿਚ ਹਰ ਰੰਗ ਸਮਾਇਆ।

(20)

ਤੂੰ ਮੈਂ-ਤੋਂ ਜਾਏਂ ਬਲਿਹਾਰੀ,
ਮੈਂ ਹਾਂ ਤੇਰਾ ਪ੍ਰੇਮ ਪੁਜਾਰੀ,
ਮੇਰਾ ਕੁਝ ਨਹੀਂ ਸਭ ਕੁਝ ਤੇਰਾ,
ਹੈ ਪ੍ਰੇਮ ਨਗਰ ਦੀ ਰੀਤ ਨਿਆਰੀ।

(21)

ਤੇਰਾ ਆਲਿੰਗਨ ਹੈ ਚੜ੍ਹਦਾ ਸੂਰਜ,
ਇਥੇ ਨਹੀਂ ਕੋਈ ਘੁੱਪ ਹਨੇਰਾ,
ਇਸ ਵਿਚ ਮਹਿਕ ਫੁੱਲਾਂ ਦੀ ਵਸਦੀ,
ਇਹ ਹੀ ਮੇਰਾ ਰੈਨ ਬਸੇਰਾ।

(22)

ਤੇਰੇ ਚੁੰਬਨ ਸ਼ਹਿਦ ਤੋਂ ਮਿੱਠੇ,
ਇਸ ਵਿਚ ਮੇਰੇ ਸੁਖ ਨੇ ਵੱਸਦੇ।
ਤੂੰ ਰਬ ਦਾ ਅਵਤਾਰ ਹੈਂ ਜਾਨਮ,
ਸਰਵ ਸਰੇਸ਼ਟ ਪਿਆਰ ਹੈਂ ਜਾਨਮ।

(23)

ਤੂੰ ਸੂਰਜ ਦੀ ਕਿਰਨ ਤੋਂ ਸੋਹਣੀ,
ਤੂੰ ਚੰਨ ਦੀ ਚਮਕ ਤੋਂ ਮੋਹਣੀ।
ਤੂੰ ਤਾਰਿਆਂ ਦੀ ਲੌ ਤੋਂ ਸੋਹਣੀ,
ਤੂੰ ਕੁਦਰਤ ਦੀ ਦਮਕ ਤੋਂ ਮੋਹਣੀ।

(24)

ਤੂੰ ਧੁਪ ਦੀ ਸ਼ੁਆਵ ਤੋਂ ਸੋਹਣੀ,
ਤੂੰ ਆਫ਼ਤਾਬ ਦੇ ਰੰਗ ਤੋਂ ਮੋਹਣੀ।
ਤੂੰ ਗੁਲਾਬ ਦੇ ਫੁੱਲ ਤੋਂ ਸੋਹਣੀ,
ਤੂੰ ਸਾਗਰ ਦੀ ਛਲ ਤੋਂ ਸੋਹਣੀ।

(25)

ਤੂੰ ਸ਼ਾਂਤ ਝੀਲ ਤੋਂ ਸੋਹਣੀ,
ਤੂੰ ਥਰਕਦੀ ਲਹਿਰ ਤੋਂ ਸੋਹਣੀ।
ਤੂੰ ਹਸੀਨ ਵਾਦੀ ਤੋਂ ਸੋਹਣੀ,
ਤੂੰ ਸ਼ੀਤਲ ਹਵਾ ਤੋਂ ਸੋਹਣੀ।

(26)

ਤੂੰ ਹੀ ਸੀ ਰਾਂਝੇ ਦੀ ਹੀਰ,
ਤੂੰ ਹੀ ਸੀ ਮਜਨੂੰ ਦੀ ਲੈਲਾ।
ਤੂੰ ਹੀ ਸੀ ਮਹੀਵਾਲ ਦੀ ਸੋਹਣੀ,
ਤੂੰ ਹੀ ਸੀ ਮਿਰਜ਼ੇ ਦੀ ਸਾਹਿਬਾ।
ਤੂੰ ਹੀ ਸੀ ਰਾਮ ਦੀ ਸੀਤਾ,
ਤੂੰ ਹੀ ਸੀ ਸ਼ਾਮ ਦੀ ਰਾਧਾ।

(27)

ਹਰ ਯੁਗ ਤੂੰ ਮਹਿਬੂਬਾ ਸੀ,
ਹਰ ਯੁਗ ਤੂੰ ਹੀ ਪਿਆਰ ਨਿਭਾਇਆ।
ਹਰ ਯੁਗ ਆਪਣੇ ਆਸ਼ਿਕ ਨਾਲ,
ਜੀਵਨ-ਮਰਨ ਦਾ ਕੌਲ ਨਿਭਾਇਆ।

(28)

ਤੂੰ ਗੁਰਦਵਾਰੇ ਤੋਂ ਉੱਚੀ ਏਂ,
ਤੂੰ ਮੰਦਰਾਂ ਤੋਂ ਉੱਚੀ ਏਂ,
ਤੂੰ ਮਸਜਿਦ ਤੋਂ ਉੱਚੀ ਏਂ,
ਤੂੰ ਗਿਰਜੇ ਤੋਂ ਉੱਚੀ ਏਂ,
ਤੂੰ ਹਰ ਸ਼ੈ ਤੋਂ ਉੱਚੀ ਏਂ।

(29)

ਤੂੰ ਆਬਸ਼ਾਰਾਂ ਦਾ ਸਪਨਾ ਏਂ,
ਤੂੰ ਝਣਾਂ ਦਾ ਪਾਣੀ ਏਂ।
ਹਰ ਯੁਗ ਦੇ ਆਸ਼ਿਕ ਦੀ,
ਤੂੰ ਹੀ ਪ੍ਰੇਮ ਕਹਾਣੀ ਏਂ।

(30)

ਤੂੰ ਨੂਰੇ ਦਿਲ ਏਂ,
ਤੂੰ ਬਾਵਫ਼ਾ ਏਂ,
ਤੂੰ ਜਾਨੇ ਮਨ ਏਂ,
ਤੂੰ ਰੰਗੇ ਜਵਾਂ ਏਂ।

(31)

ਤੂੰ ਦਿਲਕਸ਼ ਏਂ,
ਤੂੰ ਪੁਰ-ਵਕਾਰ ਏਂ।
ਤੂੰ ਖ਼ੂਬਸੂਰਤ ਏਂ,
ਤੂੰ ਜਾਨੇ ਬਹਾਰ ਏਂ।

(32)

ਤੂੰ ਜਵਾਨ ਏਂ,
ਤੂੰ ਪੁਰ-ਨੂਰ ਏਂ।
ਤੂੰ ਹੁਸਨੇ-ਜਮਾਲ ਏਂ,
ਤੂੰ ਕੋਹੇ-ਨੂਰ ਏਂ।

(33)

ਤੂੰ ਪੁਨਿਆ ਦੀ ਰਾਤ ਏਂ,
ਤੂੰ ਕਾਲੀ ਘਟਾ ਏਂ।
ਤੂੰ ਸੂਰਜ ਦੀ ਸ਼ੁਆ ਏਂ,
ਤੂੰ ਮੌਸਮੇ ਜਵਾਨ ਏਂ।

(34)

ਤੂੰ ਸਾਵਣ ਦੀ ਪੀਂਘ ਏਂ,
ਤੂੰ ਬਾਦੇ ਸਬਾਂ ਏਂ।
ਤੂੰ ਪਾਲੇ ਦੀ ਅੱਗ ਏਂ,
ਤੂੰ ਕੈਸੇ ਕਜ਼ਾਂ ਏਂ।

(35)

ਤੂੰ ਉਫਕ ਦੀ ਲਾਲੀ ਏਂ,
ਤੂੰ ਮੌਸਮੇ ਬਹਾਰ ਏਂ।
ਤੂੰ ਸਰ੍ਹੋਂ ਦਾ ਫੁੱਲ ਏਂ,
ਤੂੰ ਦਿਲ ਦਾ ਕਰਾਰ ਏਂ।

(36)

ਤੂੰ ਪੂਜਾ ਏਂ,
ਤੂੰ ਭਗਤੀ ਏਂ।
ਤੂੰ ਜਵਾਲਾ ਏਂ,
ਤੂੰ ਸ਼ਕਤੀ ਏਂ।

(37)

ਤੂੰ ਚਿੱਟੀ ਚੰਬੇਲੀ ਏਂ,
ਤੂੰ ਸੂਹਾ ਗੁਲਾਬ ਏਂ।
ਤੂੰ ਪੀਲੀ ਸਰਸੋਂ ਏਂ,
ਤੂੰ ਮਚਲਦਾ ਸ਼ਬਾਬ ਏਂ।

(38)

ਸਭ ਤੈਨੂੰ ਚਾਹੁੰਦੇ ਨੇ,
ਸਭ ਤੇਰੇ ਤੇ ਮਰਦੇ ਨੇ।
ਪਰ ਤੂੰ ਕੇਵਲ ਮੇਰੀ ਏਂ,
ਭਾਵੇਂ ਦਿਲ ਲੱਖਾਂ ਧੜਕਦੇ ਨੇ।

(39)

ਤੂੰ ਬੱਦਲਾਂ ਤੋਂ ਸੋਹਣੀ ਏਂ,
ਤੂੰ ਅਕਾਸ਼ਾਂ ਤੋਂ ਸੋਹਣੀ ਏਂ।
ਤੂੰ ਧਰਤੀ ਤੋਂ ਸੋਹਣੀ ਏਂ,
ਤੂੰ ਪਾਤਾਲਾਂ ਤੋਂ ਸੋਹਣੀ ਏਂ।

(40)

ਤੇਰੇ ਹੱਥ ਸੋਹਣੇ ਨੇ,
ਤੇਰੇ ਨਕ਼ਸ਼ ਦਿਲ-ਖਿਚਵੇਂ ਨੇ।
ਤੇਰੇ ਪੈਰ ਸੋਹਣੇ ਨੇ,
ਤੇਰੇ ਅੰਗ ਦਿਲ-ਖਿਚਵੇਂ ਨੇ।

(41)

ਤੇਰੀਆਂ ਉਂਗਲਾਂ ਮਖਰੂਤੀ ਨੇ,
ਤੇਰੇ ਨੈਣ ਸ਼ਰਾਬੀ ਨੇ।
ਤੇਰੀ ਧੌਣ, ਸੁਰਾਹੀ ਵਰਗੀ ਏ,
ਤੇਰੇ ਹੋਂਠ ਗੁਲਾਬੀ ਨੇ।

(42)

ਤੇਰਾ ਕੱਦ ਸਰੂ ਦਾ ਬੂਟਾ ਏ,
ਤੇਰੀ ਚਾਲ ਮਸਤ ਸੈਲਾਨੀ ਏ।
ਤੇਰੇ ਬੋਲ ਸ਼ਹਿਦ ਤੋਂ ਮਿੱਠੇ ਨੇ,
ਤੇਰੀ ਜ਼ੁਲਫ਼ ਘਟਾ ਦੀਵਾਨੀ ਏ।

(43)

ਤੂੰ ਇਕ ਰੰਗੀਨ ਖਵਾਬ ਏਂ,
ਤੂੰ ਇਕ ਉਮਡਦਾ ਸ਼ਬਾਬ ਏਂ।
ਤੂੰ ਫੁਲਾਂ ਦੀ ਹਸਰਤ ਏਂ,
ਤੂੰ ਕਲੀਆਂ ਦੀ ਮੁਹੱਬਤ ਏਂ।

(44)

ਤੂੰ ਕਾਲੀ ਘਟਾ ਤੋਂ ਸੋਹਣੀ ਏਂ,
ਤੂੰ ਹਸੀਂ ਫਜ਼ਾ ਤੋਂ ਸੋਹਣੀ ਏਂ।
ਤੇਰੇ ਨੈਣ ਸ਼ਰਾਬੀ ਨੇ,
ਤੂੰ ਬਾਦੇ ਸਬਾ ਤੋਂ ਸੋਹਣੀ ਏਂ।

(45)

ਤੂੰ ਬਹਾਰਾਂ ਦਾ ਸੰਗਮ ਏਂ,
ਤੂੰ ਅਬਰ-ਪਾਰਾਂ ਦਾ ਸੰਗਮ ਏਂ।
ਤੂੰ ਮੇਰਾ ਹਸੀਨ ਖਾਬ ਏਂ,
ਤੂੰ ਆਬਸ਼ਾਰਾਂ ਦਾ ਸੰਗਮ ਏਂ।

(46)

ਤੂੰ ਮਹਿਤਾਬ ਦੀ ਰੋਸ਼ਨੀ ਏਂ,
ਤੂੰ ਆਫ਼ਤਾਬ ਦੀ ਰੋਸ਼ਨੀ ਏਂ।
ਤੂੰ ਖੁਸ਼ੀਆਂ ਦੀ ਮੰਜ਼ਿਲ ਏਂ,
ਤੂੰ ਮੇਰੇ ਖਾਬ ਦੀ ਰੋਸ਼ਨੀ ਏਂ।

(47)

ਤੂੰ ਹੁਸਨੇ ਨਾਜ਼ਨੀਂ ਏਂ,
ਤੂੰ ਜਿਸਮੇ ਯਾਸਮੀਂ ਏਂ।
ਤੂੰ ਮਸਤੀ ਦਾ ਖਾਬ ਏਂ,
ਤੂੰ ਨੀਂਦੇ ਬੇਤਾਬ ਏਂ।

(48)

ਤੂੰ ਫਿਤਨਾਜ਼ਾਰ ਏਂ,
ਤੂੰ ਹਸ਼ਰ-ਪਾਰ ਏਂ।
ਤੂੰ ਸਬਜ਼ਾ ਜ਼ਾਰ ਏਂ,
ਤੂੰ ਰੰਗੀਨ ਬਹਾਰ ਏਂ।

(49)

ਤੂੰ ਬਹਾਰੇ ਤਸਨੀਮ ਏਂ,
ਤੂੰ ਮੌਜੇ ਨਸੀਮ ਏਂ।
ਤੂੰ ਪਰਵਾਜ਼ੇ ਸ਼ਮੀਮ ਏਂ,
ਤੂੰ ਨੂਰੇ ਕਲੀਮ ਏਂ।

(50)

ਤੂੰ ਇਖ਼ਕਾਰੇ ਮਦਹੋਸ਼ ਏਂ,
ਤੂੰ ਗਜ਼ਲੇ ਪੁਰਜੋਸ਼ ਏਂ।
ਤੂੰ ਖਿਆਲੇ ਗਮਕੋਸ਼ ਏਂ,
ਤੂੰ ਤਸਵੱਰ ਹਮ-ਆਗੋਸ਼ ਏਂ।

(51)

ਤੂੰ ਇਜ਼ਹਾਰੇ ਖ਼ਿਆਲ ਏਂ,
ਤੂੰ ਰੂਹੇ ਜਮਾਲ ਏਂ,
ਤੂੰ ਦਿਲ ਦੀ ਤੜਪ ਏਂ,
ਤੂੰ ਹੁਸਨੇ ਕਮਾਲ ਏਂ।

(52)

ਤੂੰ ਮੇਰੀ ਬੇਖ਼ੁਦੀ ਏਂ,
ਤੂੰ ਮੇਰੀ ਜ਼ਿੰਦਗੀ ਏਂ।
ਤੂੰ ਕਾਬਾ ਏ ਮੇਰਾ,
ਤੂੰ ਮੇਰੀ ਬੰਦਗੀ ਏਂ।

(53)

ਤੂੰ ਮੇਰੀ ਯਾਦਗਾਰ ਏਂ,
ਤੂੰ ਗੌਹਰੇ ਨਿਗਾਰ ਏਂ।
ਤੂੰ ਸਰੂਰੇ ਮਸਤੀ ਏਂ,
ਤੂੰ ਮੰਜਰੇ ਹਸਤੀ ਏਂ।

(54)

ਤੂੰ ਦਰਦੇ ਦਿਲ ਏਂ,
ਤੂੰ ਗ਼ਮੇਂ ਉਲਫ਼ਤ ਏਂ।
ਤੂੰ ਜਜ਼ਬਾ-ਏ ਇਸ਼ਕ ਏਂ,
ਤੂੰ ਰਕਸੇ ਮੁਹੱਬਤ ਏਂ।

(55)

ਤੂੰ ਚਸ਼ਮੇ ਰੌਸ਼ਨੀ ਏਂ,
ਤੂੰ ਨੂਰੇ ਸ਼ਬਸਤਾਂ ਏਂ।
ਤੂੰ ਸੁਆਏਂ ਆਫ਼ਤਾਬ ਏਂ,
ਤੂੰ ਜਲਵਾ-ਏ ਮਹਤਾਬ ਏਂ।

(56)

ਤੂੰ ਤੂਫਾਨ ਏਂ,
ਤੂੰ ਸ਼ੋਲਾ ਏਂ,
ਤੂੰ ਆਂਧੀ ਏਂ,
ਤੂੰ ਜ਼ਲਜ਼ਲਾ ਏਂ।

(57)

ਤੂੰ ਟੀਸ ਏਂ,
ਤੂੰ ਤੜਪ ਏਂ।
ਤੂੰ ਹੰਝੂ ਏਂ,
ਤੂੰ ਦਰਦ ਏਂ।

(58)

ਤੂੰ ਮੌਜੇ ਸ਼ਰਾਬ ਏਂ,
ਤੂੰ ਨੂਰੇ ਮਹਿਤਾਬ ਏਂ।
ਤੂੰ ਸੂਹਾ ਗੁਲਾਬ ਏਂ,
ਤੂੰ ਜਲਵਾ ਸ਼ਬਾਬ ਏਂ।

(59)

ਤੂੰ ਆਪਣੀ ਜਵਾਨੀ ਇੰਞ ਨਾ ਲੁਟਾ,
ਤੂੰ ਆਪਣੀ ਰੰਗੀਨੀ ਇੰਜ ਨਾ ਲੁਟਾ।
ਮੁਹੱਬਤ ਦੀ ਕਿਤਾਬ ਬੰਦ ਰਹਿਣ ਦੇ,
ਤੂੰ ਗੈਰਾਂ ਨੂੰ ਮੇਰੀ ਸ਼ਾਇਰੀ ਨਾ ਸੁਣਾ।

(60)

ਤੂੰ ਚਾਂਦਨੀ ਰਾਤ ਏਂ,
ਤੂੰ ਆਲਮੇ ਜਜ਼ਬਾਤ ਏਂ।
ਮੈਂ ਲਮਹਾਂ-ਏ ਜੁਦਾਈ ਹਾਂ,
ਤੂੰ ਹਸੀਨ ਮੁਲਾਕਾਤ ਏਂ।

(61)

ਤੂੰ ਲਾਲਾਏ-ਜ਼ਾਰ ਏਂ,
ਤੂੰ ਰੰਗੇ ਆਬਸ਼ਾਰ ਏਂ।
ਤੂੰ ਕੌਸੇ-ਕਜ਼ਾ ਹੈਂ,
ਤੂੰ ਅਬਰੇ-ਬਹਾਰ ਹੈਂ।

(62)

ਮੈਂ ਇਹ ਕਹਿਣ ਦੀ ਜ਼ੁਰਤ ਕਰਦਾ ਹਾਂ,
ਕਿ ਮੈਂ ਤੈਨੂੰ ਬੇਹੱਦ ਮੁਹੱਬਤ ਕਰਦਾ ਹਾਂ।
ਜੇ ਮੈਨੂੰ ਕੁਝ ਕਹਿਣ ਦੀ ਇਜਾਜ਼ਤ ਹੈ,
ਤਾਂ ਮੈਂ ਤੇਰੀ ਬੇਵਫ਼ਾਈ ਦੀ ਸ਼ਿਕਾਇਤ ਕਰਦਾ ਹਾਂ।

(63)

ਮੈਂ ਇਜ਼ਹਾਰੇ ਹਕੀਕਤ ਕਰਦਾ ਹਾਂ,
ਮੈਂ ਤੇਰੀ ਹਰਦਮ ਇਬਾਦਤ ਕਰਦਾ ਹਾਂ।
ਤੂੰ ਹੀ ਹੈਂ ਮੇਰਾ ਰਬ-ੳਲ-ਆਲਮੀਨ,
ਮੈਂ ਦੁਨੀਆਂ ਨੂੰ ਦਸਣ ਦੀ ਹਿੰਮਤ ਰੱਖਦਾ ਹਾਂ।

(64)

ਤੂੰ ਮੇਰੀ ਨਕਸ਼ੇ-ਨਿਗਾਰ ਹੈਂ,
ਤੂੰ ਮੇਰੀ ਜੀਵਨ ਬਹਾਰ ਹੈਂ।
ਤੂੰ ਮੇਰੀ ਦਿਲੇ ਨਸਾਰ ਹੈਂ,
ਤੂੰ ਮੇਰੀ ਰੂਹੇ ਵਕਾਰ ਹੈਂ।

(65)

ਤੇਰੀ ਅੱਖਾਂ ਵਿਚ ਮੁਸਰੱਤ ਥਰਥਰਾਂਦੀ ਏ,
ਤੇਰੇ ਹੋਠਾਂ ਤੇ ਲਤਾਫਤ ਮੁਸਕਰਾਂਦੀ ਏ।
ਤੇਰੀ ਆਵਾਜ਼ ਜੱਨਤ ਏ ਬਹਾਰਾਂ ਦੀ,
ਤੇਰੀ ਜ਼ਬਾਨ ਕੈਫ ਬਣਕੇ ਗੁਨਗੁਨਾਂਦੀ ਏ।

(66)

ਤੂੰ ਬੇਤਾਬ ਦਿਲ ਏਂ,
ਤੂੰ ਸ਼ੋਖੇ ਹਸੀਨ ਏਂ।
ਤੂੰ ਨਾਦਾਨ ਇਸ਼ਕ ਏਂ,
ਤੂੰ ਜ਼ੋਹਰਾ-ਜਬੀਨ ਏਂ।

(67)

ਤੂੰ ਉਮੀਦੇ ਦਿਲ ਏਂ,
ਖੁਸ਼ੀ ਦਾ ਤਰਾਨਾ।
ਤੇਰਾ ਰਹਿਮੋ ਕਰਮ,
ਹੈ ਮੇਰਾ ਅਫਸਾਨਾ।

(68)

ਜੀ ਕਰਦਾ ਜਾਨੇ ਮਨ, ਮੈਂ ਹਰ ਦਮ ਤੈਨੂੰ ਯਾਦ ਕਰਾਂ,
ਅੱਖਾਂ ਵਿਚ ਰਖ ਤਸਵੀਰ ਤੇਰੀ, ਦਰਦੇ ਦਿਲ ਨੂੰ ਸ਼ਾਦ ਕਰਾਂ।
ਉਡੀਕ ਤੇਰੀ ਇਕ ਵਹਿਮ ਸਹੀ, ਤਸਕੀਨ ਤੇਰੀ ਇਕ ਖ਼ਾਬ ਸਹੀ,
ਮਾਯੂਸੀ ਦੇ ਛੱਟਦੇ ਬੱਦਲਾਂ ਤੇ, ਉਮੀਦ ਦਾ ਘਰ ਆਬਾਦ ਕਰਾਂ।

(69)

ਤੇਰੇ ਚੇਹਰੇ ਤੇ ਅਕਸਰ ਮੈਂ ਰਬ ਦਾ ਨੂਰ ਦੇਖਿਆ ਹੈ,
ਤੇਰੀਆਂ ਅੱਖੀਆਂ 'ਚ ਅਕਸਰ, ਪਿਆਰ ਦਾ ਸਰੂਰ ਦੇਖਿਆ ਹੈ।
ਤੂੰ ਪਾਕ ਅਤੇ ਬੇਦਾਗ ਉਲਫਤ ਦੇ ਸਿਵਾ ਕੁਝ ਵੀ ਨਹੀਂ,
ਮੈਂ ਤੈਨੂੰ ਇਸ਼ਕ ਮੁਹੱਬਤ ਨਾਲ ਅਕਸਰ ਮਖਸੂਰ ਦੇਖਿਆ ਹੈ।

(70)

ਤੂੰ ਹੀ ਹੈਂ ਭਗਤੀ, ਤੂੰ ਹੀ ਹੈਂ ਸ਼ਕਤੀ,
ਤੂੰ ਹੀ ਹੈਂ ਪੂਜਾ, ਤੂੰ ਹੀ ਹੈਂ ਧਿਆਨ,
ਤੂੰ ਹੀ ਹੈਂ ਪਾਕ ਕੁਰਾਨ ਦੀ ਆਯਤ,
ਤੂੰ ਹੀ ਹੈਂ ਗੀਤਾ ਦਾ ਵਰਦਾਨ।

(71)

ਤੂੰ ਹੀ ਹੈਂ ਗੁਰੂ ਗਰੰਥ ਦਾ ਸ਼ਬਦ,
ਤੂੰ ਹੀ ਹੈਂ ਬਾਈਬਲ ਦਾ ਫਰਮਾਨ।
ਤੂੰ ਹੀ ਹੈਂ ਅੰਗਾ ਦੇ ਸਲੋਕ,
ਤੂੰ ਹੀ ਹੈਂ ਤੋਰਾ ਦਾ ਗਿਆਨ।

(72)

ਤੂੰ ਹੀ ਹੈਂ ਜੀਸਸ ਦੀ ਸਿਖਿਆ,
ਤੂੰ ਹੀ ਹੈਂ ਨਾਨਕ ਦਾ ਪਿਆਰ।
ਤੂੰ ਹੀ ਹੈਂ ਗੌਤਮ ਦੀ ਤਪੱਸਿਆ,
ਤੂੰ ਹੀ ਹੈਂ ਰਾਮ ਦਾ ਤਿਆਗ।

(73)

ਤੂੰ ਹੀ ਹੈਂ ਉਫਕ ਦੀ ਲਾਲੀ,
ਤੂੰ ਹੀ ਹੈਂ ਕੁਦਰਤ ਦਾ ਉਭਾਰ।
ਤੂੰ ਹੀ ਹੈਂ ਗਗਨ ਦੀ ਰੌਣਕ,
ਤੂੰ ਹੀ ਹੈਂ ਧਰਤੀ ਦਾ ਨਿਖਾਰ।

(74)

ਤੂੰ ਹੀ ਹੈਂ ਜੀਵਨ, ਤੂੰ ਹੀ ਹੈਂ ਮੌਤ,
ਤੂੰ ਹੀ ਹੈਂ ਬੀਵੀ, ਤੂੰ ਹੀ ਹੈਂ ਸੌਤ।
ਤੂੰ ਹੀ ਹੈਂ ਰਾਣੀ, ਤੂੰ ਹੀ ਹੈਂ ਮਲਕਾ,
ਤੂੰ ਹੀ ਸਹੇਲੀ, ਤੂੰ ਹੀ ਹੈਂ ਦੋਸਤ।

(75)

ਤੂੰ ਹੀ ਹੈਂ ਧੁਪ, ਤੂੰ ਹੀ ਹੈਂ ਛਾਂ,
ਤੂੰ ਹੀ ਹੈਂ ਰਾਤ, ਤੂੰ ਹੀ ਹੈਂ ਸਵੇਰਾ।
ਤੂੰ ਹੀ ਹੈਂ ਅੰਦਰ, ਤੂੰ ਹੀ ਹੈਂ ਬਾਹਰ,
ਤੂੰ ਹੀ ਹੈਂ ਚਾਨਣ, ਤੂੰ ਹੀ ਹੈਂ ਹਨੇਰਾ।

(76)

ਮੰਝਧਾਰਾਂ ਦੀ ਨਾਖ਼ੁਦ ਤੂਹੀ ਹੈਂ,
ਆਬਸ਼ਾਰਾਂ ਦੀ ਆਵਾਜ਼ ਤੂਹੀ ਹੈਂ,
ਹਵਾਵਾਂ ਦੀ ਰੂਹਦਾਦ ਤੂਹੀ ਹੈਂ,
ਗੁਲਸ਼ਨਾਂ ਦੀ ਬਹਾਰ ਤੂਹੀ ਹੈਂ।

(77)

ਤੂੰ ਹੀ ਹੈਂ ਮੇਰੇ ਸਾਹ ਦੀ ਮਾਲਕ,
ਤੂੰ ਹੀ ਹੈਂ ਮੇਰੀ ਜਾਨ ਦੀ ਮਾਲਕ।
ਤੂੰ ਹੀ ਹੈਂ ਮੇਰੀ ਸੋਚ ਦੀ ਮਾਲਕ,
ਤੂੰ ਹੀ ਹੈਂ ਮੇਰੀ ਆਨ ਦੀ ਮਾਲਕ।

(78)

ਤੂੰ ਹੀ ਮੈਨੂੰ ਪਿਆਰ ਸਿਖਾਇਆ,
ਤੂੰ ਹੀ ਕਰ ਇਕਰਾਰ ਨਿਭਾਇਆ।
ਤੂੰ ਹੀ ਟੁਕੜੇ ਟੁਕੜੇ ਲਭਕੇ,
ਪਿਆਰ ਦਾ ਇਕ ਮੰਦਰ ਬਣਾਇਆ।

(79)

ਤੂੰ ਰਾਹਤ ਮੇਰੀ ਏਂ,
ਤੂੰ ਯਕੀਨ ਮੇਰਾ ਏਂ।
ਤੂੰ ਫੁਰਕਤ ਮੇਰੀ ਏਂ,
ਤੂੰ ਸਕੂਨ ਮੇਰਾ ਏਂ।

(80)

ਤੂੰ ਖੰਡ ਤੋਂ ਮਿੱਠੀ ਏਂ,
ਤੂੰ ਸ਼ਹਿਦ ਤੋਂ ਮਿੱਠੀ ਏਂ।
ਤੂੰ ਸ਼ਕਰ ਤੋਂ ਮਿੱਠੀ ਏਂ,
ਤੂੰ ਦੁੱਧ ਤੋਂ ਮਿੱਠੀ ਏਂ।

(81)

ਤੂੰ ਸਾਰੇ ਜਹਾਨ ਤੋਂ ਸੋਹਣੀ ਏਂ,
ਤੂੰ ਹਰ ਆਸਮਾਨ ਤੋਂ ਸੋਹਣੀ ਏਂ।
ਤੂੰ ਹਰ ਧਰਤੀ ਤੋਂ ਸੋਹਣੀ ਏਂ,
ਤੂੰ ਪੂਰੀ ਕਾਇਨਾਤ ਤੋਂ ਸੋਹਣੀ ਏਂ।

(82)

ਝੀਲਾਂ ਦਾ ਡੂੰਗਾ ਪਾਣੀ, ਤੇਰੀ ਅੱਖਾਂ ਤੋਂ ਥੱਲੇ ਏ,
ਫੁੱਲਾਂ ਦੀ ਲਾਲ ਰੰਗਤ, ਤੇਰੇ ਬੁੱਲਾਂ ਤੋਂ ਥੱਲੇ ਏ।
ਸੁਰਾਹੀ ਦੀ ਸੋਹਣੀ ਗਰਦਨ, ਤੇਰੀ ਧੌਣ ਤੋਂ ਥੱਲੇ ਏ,
ਸਰੂ ਦਾ ਢੁਕਵਾਂ ਬੂਟਾ, ਤੇਰੇ ਕੱਦ ਤੋਂ ਥੱਲੇ ਏ।

(83)

ਤੇਰੇ ਅੰਗ ਗੰਗੋਤਰੀ ਤੋਂ ਪਵਿੱਤਰ ਨੇ,
ਤੇਰਾ ਜਿਸਮ ਗੰਗਾ ਤੋਂ ਪਵਿੱਤਰ ਏ।
ਤੇਰੇ ਖਿਆਲ ਸਤਲੁਜ ਤੋਂ ਪਵਿੱਤਰ ਨੇ।
ਤੂੰ ਪੂਰੀ ਆਪ ਯਮਨਾ ਤੋਂ ਪਵਿੱਤਰ ਏਂ।

(84)

ਤੂੰ ਗਗਨ ਤੋਂ ਉਚੀ ਏਂ,
ਤੂੰ ਤਾਰਿਆਂ ਤੋਂ ਉਚੀ ਏਂ।
ਤੂੰ ਹਵਾਵਾਂ ਤੋਂ ਉਚੀ ਏਂ,
ਤੂੰ ਹਿਮਾਲਿਆ ਤੋਂ ਉਚੀ ਏਂ।

(85)

ਤੂੰ ਉਹ ਹੀਰਾ ਏਂ ਜਿਨੂੰ ਕਿਸੇ ਤਰਾਸ਼ਿਆ ਹੀ ਨਹੀਂ,
ਤੂੰ ਉਹ ਮੋਤੀ ਏਂ ਜਿਹੜਾ ਚਮਕਾਇਆ ਨਹੀਂ ਗਿਆ।
ਤੂੰ ਉਹ ਕਲੀ ਏਂ ਜਿਨੂੰ ਕਿਸੇ ਖਿੜਨ ਨਹੀਂ ਦਿੱਤਾ,
ਤੂੰ ਉਹ ਫੂਲ ਏ ਜਿਹੜਾ ਮਹਿਕਾਇਆ ਨਹੀਂ ਗਿਆ।

(86)

ਤੇਰੇ ਬੋਲਾਂ ਦੀ ਆਵਾਜ਼, ਦਿਲ ਨੂੰ ਛੂਹ ਕੇ ਲੰਘਦੀ ਏ,
ਤੇਰੀਆਂ ਵੰਗਾਂ ਦੀ ਛਨ ਛਨ, ਬਹੁਤ ਯਾਦ ਆਉਂਦੀ ਏ।
ਤੇਰੇ ਹੋਂਠਾਂ ਦੀ ਮੁਸਕਾਨ, ਮੈਨੂੰ ਦੀਵਾਨਾ ਕਰਦੀ ਏ,
ਤੇਰੀ ਪਾਯਲ ਦੀ ਝਨਕਾਰ, ਬਹੁਤ ਯਾਦ ਆਉਂਦੀ ਏ।

(87)

ਤੂੰ ਜਵਾਨੀ ਦਾ ਉਹ ਆਤਸ਼-ਫਸ਼ਾਂ ਏਂ,
ਜਿਹੜਾ ਹਰ ਆਸਮਾਂ ਨੂੰ ਸਾੜ ਸਕਦਾ ਏ।
ਤੂੰ ਹੁਸਨ ਦਾ ਉਹ ਸ਼ੋਲਾ-ਬਪਾਂ ਏਂ,
ਜਿਹੜਾ ਹਰ ਕਹਕਸ਼ਾਂ ਨੂੰ ਸਾੜ ਸਕਦਾ ਏ।

(88)

ਤੂੰ ਵਾਹਿਗੁਰੂ ਦੀ ਸਭ ਤੋਂ ਖ਼ੂਬਸੂਰਤ ਕ੍ਰਿਤ ਏਂ,
ਤੇਰੇ ਬਾਅਦ ਰਬ, ਕੁਝ ਹੋਰ ਬਣਾ ਨਹੀਂ ਸਕਿਆ।
ਤੂੰ ਕਾਏਨਾਤ ਦੀ ਸਭ ਤੋਂ ਸੋਹਣੀ ਮਹਿਬੂਬਾ ਏਂ,
ਤੇਰੇ ਬਾਦ ਖ਼ੁਦਾ, ਕੁਝ ਹੋਰ, ਖ਼ੂਬਸੂਰਤ ਬਣਾ ਨਹੀਂ ਸਕਿਆ।

(89)

ਤੂੰ ਹੁਸਨ, ਦਿਲਕਸ਼ੀ ਤੇ ਤਪਸ਼ ਦਾ ਸੰਗਮ ਏਂ,
ਤੇਰੇ ਜਿਹਾ ਸੰਸਾਰ ਵਿਚ ਕੋਈ ਹੋ ਨਹੀਂ ਸਕਦਾ।
ਤੂੰ ਪਿਆਰ ਇਸ਼ਕ ਤੇ ਵਫਾ ਦਾ ਸੰਗਮ ਏਂ,
ਤੇਰੇ ਜਿਹਾ ਸੰਸਾਰ ਵਿਚ ਕੋਈ ਹੋ ਨਹੀਂ ਸਕਦਾ।

(90)

ਤੂੰ ਮਰੀਯਮ ਤੋਂ ਉਚੀ ਏਂ,
ਤੂੰ ਦੁਰਗਾ ਤੋਂ ਉਚੀ ਏਂ।
ਤੂੰ ਸੀਤਾ ਤੋਂ ਉਚੀ ਏਂ।
ਤੂੰ ਰਾਧਾ ਤੋਂ ਉਚੀ ਏਂ।

(91)

ਤੇਰੇ ਵਿਚ ਨਾਨਕੀ ਜਿਹਾ ਇੰਤਜ਼ਾਰ ਏ,
ਤੇਰੇ ਵਿਚ ਮਾਤਾ ਖੀਵੀ ਜਿਹਾ ਸਤਿਕਾਰ ਏ।
ਤੇਰੀ ਆਪ ਮਾਤਾ ਗੰਗਾ ਜਿਹੀ ਨੁਹਾਰ ਏ,
ਤੇਰੇ ਵਿਚ ਮਾਤਾ ਗੁਜਰੀ ਜਿਹਾ ਪਿਆਰ ਏ।

(92)

ਤੂੰ ਹਰ ਇਸ਼ਕ ਤੋਂ ਉਚੀ ਏਂ,
ਤੂੰ ਹਰ ਉਲਫਤ ਤੋਂ ਉਚੀ ਏਂ।
ਤੂੰ ਹਰ ਪਿਆਰ ਤੋਂ ਉਚੀ ਏਂ,
ਤੂੰ ਹਰ ਅਕੀਦਤ ਤੋਂ ਉਚੀ ਏਂ।

(93)

ਤੂੰ ਹਰ ਪੁਜਾਰੀ ਤੋਂ ਸੁੱਚੀ ਏਂ,
ਤੂੰ ਹਰ ਗਰੰਥੀ ਤੋਂ ਸੁੱਚੀ ਏਂ।
ਤੂੰ ਹਰ ਮੁੱਲਾ ਤੋਂ ਸੁੱਚੀ ਏਂ,
ਤੂੰ ਹਰ ਪਾਦਰੀ ਤੋਂ ਸੁੱਚੀ ਏਂ।

(94)

ਤੇਰਾ ਨਿਘਾ ਪਿਆਰ ਕਦੀ ਮੈਂ ਭੁੱਲ ਨਹੀਂ ਸਕਦਾ,
ਤੇਰੀ ਕੋਮਲ ਗਲਵਕੜੀ ਕਦੀ ਮੈਂ ਭੁੱਲ ਨਹੀਂ ਸਕਦਾ।
ਤੇਰੇ ਬਦਨ ਦੀ ਖੁਸ਼ਬੂ ਕਦੀ ਮੈਂ ਭੁੱਲ ਨਹੀਂ ਸਕਦਾ।
ਤੇਰੇ ਪਾਗਲ ਬੁੱਲਾਂ ਨੂੰ ਕਦੀ ਮੈਂ ਭੁੱਲ ਨਹੀਂ ਸਕਦਾ।

(95)

ਤੂੰ ਜਦ ਕੋਲ ਹੁੰਦੀ ਏਂ, ਤਾਂ ਕੁਝ ਯਾਦ ਨਹੀਂ ਰਹਿੰਦਾ,
ਤੂੰ ਜਦ ਦੂਰ ਹੁੰਦੀ ਏਂ, ਤਾਂ ਬਹੁਤ ਯਾਦ ਆਉਂਦੀ ਏਂ।
ਤੇਰੀ ਹਰ ਗਲ ਦਿਲ ਤੇ, ਨਕਸ਼ ਰਹਿੰਦੀ ਏ,
ਤੇਰੀ ਹਰ ਅਦਾ, ਹਰ ਮਸਤੀ ਬਹੁਤ ਯਾਦ ਆਉਂਦੀ ਏ।

(96)

ਤੂੰ ਮੇਰੀ ਗੁਲੇ-ਗੁਲਜ਼ਾਰ ਏਂ,
ਤੂੰ ਮੇਰੀ ਗੁਲੇ-ਰੁਖਸਾਰ ਏਂ।
ਤੂੰ ਮੇਰੀ ਦੀਦਾ-ਸ਼ਰਸਾਰ ਏਂ,
ਤੂੰ ਮੇਰੀ ਅਬਰੇ ਗੌਹਰੇ-ਬਾਰ ਏਂ।

(97)

ਤੂੰ ਹੀ ਮੇਰਾ ਸਾਗਰ ਏਂ,
ਤੂੰ ਹੀ ਮੇਰਾ ਪੈਮਾਨਾ ਏਂ।
ਤੂੰ ਹੀ ਮੇਰਾ ਦਰਦ ਏਂ,
ਤੂੰ ਹੀ ਮੇਰਾ ਮੈਖਾਨਾ ਏਂ।

(98)

ਤੂੰ ਹਸੀਨ ਏਂ, ਦਿਲਕਸ਼ ਏਂ,
ਤੂੰ ਦੁਨੀਆਂ ਦੀ ਹਰ ਔਰਤ ਤੋਂ ਸੋਹਣੀ ਏਂ।
ਤੂੰ ਨਾਜ਼ੁਕ ਏਂ, ਪੁਰਕਸ਼ਿਸ਼ ਏਂ,
ਤੂੰ ਸਵਰਗ ਦੀ ਹਰ ਅਪਸਰਾ ਤੋਂ ਸੋਹਣੀ ਏਂ।

(99)

ਤੂੰ ਬ੍ਰਹਮਾ ਤੋਂ ਉਚੀ ਏਂ,
ਤੂੰ ਵਿਸ਼ਨੂੰ ਤੋਂ ਉਚੀ ਏਂ।
ਤੂੰ ਹਰ ਦੇਵ ਤੋਂ ਉਚੀ ਏਂ,
ਤੂੰ ਮਹਾਂ-ਦੇਵ ਤੋਂ ਉਚੀ ਏਂ।

(100)

ਤੂੰ ਚਲਦੀ ਏਂ ਤਾਂ ਨਚਦੀ ਮੋਰਨੀ ਦਾ ਗੁਮਾਨ ਹੁੰਦਾ ਏ,
ਤੂੰ ਹਸਦੀ ਏਂ ਤਾਂ ਖਿਲਦੀ ਕਲੀ ਦਾ ਗੁਮਾਨ ਹੁੰਦਾ ਏ।
ਤੂੰ ਬੋਲਦੀ ਏਂ ਤਾਂ ਨਿਕਲਦੀ ਧੁਪ ਦਾ ਗੁਮਾਨ ਹੁੰਦਾ ਏ,
ਤੂੰ ਰੋਂਦੀ ਏਂ ਤਾਂ ਡਿਗਦੀ ਸ਼ਬਨਮ ਦਾ ਗੁਮਾਨ ਹੁੰਦਾ ਏ।

(101)

ਤੂੰ ਲਖਸ਼ਮੀ ਤੋਂ ਉਚੀ ਏਂ,
ਤੂੰ ਪਾਰਵਤੀ ਤੋਂ ਉਚੀ ਏਂ।
ਤੂੰ ਹਰ ਦੇਵੀ ਤੋਂ ਉਚੀ ਏਂ,
ਤੂੰ ਸਰਸਵਤੀ ਤੋਂ ਉਚੀ ਏਂ।

(102)

ਤੂੰ ਪਿਆਰ ਦਾ ਸਾਗਰ ਏਂ,
ਤੂੰ ਇਸ਼ਕ ਦਾ ਨਗਮਾ ਏਂ।
ਤੂੰ ਨਿਘ ਦਾ ਸੋਮਾ ਏਂ,
ਤੂੰ ਖਲੂਸ ਦਾ ਚਸ਼ਮਾ ਏਂ।

(103)

ਤੇਰਾ ਵੱਸਲ, ਜੱਨਤ ਏ ਸਵਰਗ ਏ,
ਤੇਰੇ ਝੁਮਕੇ, ਤੇਰੇ ਕੰਘਨ ਮੈਨੂੰ ਯਾਦ ਆਉਂਦੇ ਨੇ।
ਤੇਰਾ ਹਿਜਰ, ਦੋਜ਼ਖ ਏ, ਨਰਕ ਏ,
ਤੇਰੀ ਪਾਯਲ ਤੇਰੀ ਬਿੰਦੀਆ ਮੈਨੂੰ ਯਾਦ ਆਉਂਦੇ ਨੇ।

(104)

ਤੇਰੇ ਬਿਨਾਂ ਮੈਂ ਜੀ ਨਹੀਂ ਸਕਣਾ,
ਤੇਰੇ ਬਿਨਾਂ ਮੈਂ ਮਰ ਨਹੀਂ ਸਕਣਾ।
ਜੀਵਾਂ ਤਾਂ ਤੇਰਾ ਸਾਥ ਹੋਵੇ,
ਮਰਾਂ ਤਾਂ ਤੈਥੋਂ ਪਹਿਲੇ ਜਾਵਾਂ।

(105)

ਜੇ ਜੀਵਨ ਨੇ ਸਾਥ ਨਾ ਦਿਤਾ, ਤੇ ਮੈਂ ਪਹਿਲੇ ਤੁਰ ਗਿਆ,
ਬਣ ਤਾਰਾ ਆਸਮਾਨ ਤੇ, ਤੈਨੂੰ ਹਰ ਦਮ ਦੇਖਾਂਗਾ।
ਤੇਰੇ ਲਈ ਇਕ ਘਰ ਬਣਾਕੇ, ਉਸਨੂੰ ਪਿਆਰ ਨਾਲ ਸਜਾਕੇ,
ਬਹਿਕੇ ਫੇਰ ਦਹਿਲੀਜ਼ ਦੇ ਉਤੇ, ਤੈਨੂੰ ਮੈਂ ਉਡੀਕਾਂਗਾ।

(106)

ਤੂੰ ਹੈਂ ਮੇਰੀ, ਮੈਂ ਹਾਂ ਤੇਰਾ,
ਇਹ ਰਿਸ਼ਤਾ ਹੈ ਜਨਮਾਂ ਦਾ।
ਸਾਨੂੰ ਮੌਤ ਨਖੇੜ ਨਹੀਂ ਸਕਦੀ,
ਇਹ ਲੇਖਾ ਹੈ ਕਰਮਾਂ ਦਾ।

(107)

ਹਰ ਜਨਮ ਤੂੰ ਮੇਰੀ ਹੋਸੇਂ,
ਇਹ ਰਬ ਦਾ ਮੈਨੂੰ ਵਾਦਾ ਏ।
ਤੂੰ ਸਸੀ ਬਣੇਂ ਜਾਂ ਹੀਰ ਬਣੇਂ,
ਮੈਂ ਤੇਰਾ ਹਾਂ ਇਹ ਵਾਦਾ ਏ।

(108)

ਤੇਰਾ ਮੇਰਾ ਸਾਥ ਆਦਿ ਵਿੱਚ ਸੀ,
ਜੁਗਾਦਿ ਵਿੱਚ ਸੀ, ਹੁਣ ਵੀ ਹੈ ਤੇ ਸਦਾ ਰਹੇਗਾ।
ਤੇਰਾ ਮੇਰਾ ਪਿਆਰ ਆਦਿ ਵਿੱਚ ਸੀ,
ਜੁਗਾਦਿ ਵਿੱਚ ਸੀ, ਹੁਣ ਵੀ ਹੈ ਤੇ ਸਦਾ ਰਹੇਗਾ।

(109)

ਰੱਬ ਤੇ ਪਿਆਰ, ਪਿਆਰ ਤੇ ਰੱਬ,
ਨਾਮ ਦੋਵੇਂ ਨੇ ਉਲਫ਼ਤ ਦੇ।
ਸੱਚੇ ਸਾਥੀ ਕਦੀ ਨਾ ਵਿਛੜਨ,
ਸਾਥੀ ਜੋ ਮੁਹੱਬਤ ਦੇ।

(110)

ਤੂੰ ਹਰ ਚਾਹਤ ਤੋਂ ਉਚੀ ਏਂ,
ਤੂੰ ਹਰ ਉਲਫ਼ਤ ਤੋਂ ਉਚੀ ਏਂ।
ਤੂੰ ਹਰ ਪਿਆਰ ਤੋਂ ਉਚੀ ਏਂ,
ਤੂੰ ਹਰ ਮੁਹੱਬਤ ਤੋਂ ਉਚੀ ਏਂ।

(111)

ਮੇਰੀ ਜ਼ਿੰਦਗੀ ਤੇ ਮੌਤ, ਦੋਨੋਂ ਤੇਰੀ ਅਮਾਨਤ ਨੇ,
ਤੂੰ ਮੇਰ ਰਹੇਂਗੀ ਤਾਂ ਜਿੰਦਾ ਰਹਾਂਗਾ, ਤੂੰ ਭੁੱਲ ਜਾਵੇਂਗੀ ਤਾਂ ਮਰ ਜਾਵਾਂਗਾ।
ਮੇਰਾ ਸੁਖ ਤੇ ਦੁਖ, ਦੋਨੋਂ ਤੇਰੀ ਅਮਾਨਤ ਨੇ,
ਤੂੰ ਹਸਦੀ ਰਹੇਂਗੀ ਤਾਂ ਮੈਂ ਸੁਖੀ ਰਹਾਂਗਾ, ਤੂੰ ਰੋ ਪਏਂਗੀ ਮੈਂ ਦੁਖੀ ਹੋਵਾਂਗਾ।

(112)

ਮੇਰਾ ਹੋਰ ਆਪਣਾ ਕੋਈ ਵੀ ਨਹੀਂ,
ਮੇਰੀ ਤਾਂ ਸਿਰਫ ਤੂੰ ਹੀ ਇਕ ਹੈਂ।
ਨਾ ਸਾਥੀ ਕੋਈ ਨਾ ਰਹਿਬਰ ਕੋਈ,
ਮੇਰੀ ਤਾਂ ਮੰਜ਼ਿਲ ਤੂੰ ਹੀ ਇਕ ਹੈਂ।

(113)

ਮੈਂ ਸ਼ਰਾਬੀ ਨਹੀਂ,
ਪਰ ਤੇਰੀਆਂ ਅੱਖੀਆਂ ਤੋਂ ਸ਼ਰਾਬ ਪੀਵਾਂਗਾ।
ਮੈਂ ਸ਼ਰਾਬੀ ਨਹੀਂ,
ਪਰ ਤੇਰੀਆਂ ਬੁੱਲੀਆਂ ਤੋਂ ਸ਼ਰਾਬ ਪੀਵਾਂਗਾ।

(114)

ਮੈਂ ਸ਼ਰਾਬੀ ਨਹੀਂ,
ਪਰ ਤੇਰੇ ਜਿਸਮ ਦੀ ਸ਼ਰਾਬ ਪੀਵਾਂਗਾ।
ਮੈਂ ਸ਼ਰਾਬੀ ਨਹੀਂ,
ਪਰ ਤੇਰੇ ਹਰ ਅੰਗ ਦੀ ਸ਼ਰਾਬ ਪੀਵਾਂਗਾ।

(115)

ਤੂੰ ਗੈਰ ਦੀ ਹੋ ਕੇ ਵੀ, ਮੇਰੀ ਹੀ ਰਹੇਂਗੀ,
ਤੂੰ ਮੈਨੂੰ ਭੁਲ ਕੇ ਵੀ, ਮੇਰੀ ਹੀ ਰਹੇਂਗੀ।
ਤੂੰ ਸਿਰਫ ਮੇਰੇ ਲਈ ਹੀ ਜਨਮੀ ਹੈਂ,
ਤੂੰ ਮੈਥੋਂ ਦੂਰ ਹੋ ਕੇ ਵੀ, ਮੇਰੀ ਹੀ ਰਹੇਂਗੀ।

(116)

ਤੂੰ ਆ ਕੇ ਮੇਰੇ ਜੀਵਨ ਵਿਚ ਚਿਰਾਗਾਂ ਕਰ ਦੇ,
ਖਾਮੋਸ਼ ਜ਼ਿੰਦਗੀ ਨੂੰ ਨਗਮਾ ਰਕਸ਼ਾ ਕਰ ਦੇ।
ਮੇਰੇ ਜੀਵਨ ਦੀ ਹਰ ਸੱਚਾਈ ਨੂੰ ਉਰਈਆ ਕਰ ਦੇ,
ਬਹਾਰਾਂ ਨੂੰ ਹਵਾਵਾਂ ਨੂੰ ਗੁਲੇ ਅਫਸ਼ਾਂ ਕਰ ਦੇ।

(117)

ਮੇਰੇ ਉਜੜੇ ਚਮਨ ਦੀ ਖਿਜ਼ਾਂ ਤੈਨੂੰ ਯਾਦ ਕਰਦੀ ਏ,
ਪਤਝੜ ਦੀ ਮਾਯੂਸ ਹਵਾ ਤੈਨੂੰ ਯਾਦ ਕਰਦੀ ਏ।
ਹਰ ਸੁੱਕਾ ਪੱਤਾ ਮੁੰਤਜ਼ਰ ਏ ਤੇਰੀ ਛੋ ਪਾਵਨ ਨੂੰ,
ਦਰਖ਼ਤ ਦੀ ਵਿਰਾਨ ਟਾਲੀ, ਤੈਨੂੰ ਫਰਯਾਦ ਕਰਦੀ ਏ।

(118)

ਤੂੰ ਮਸਤ ਘਟਾ ਏਂ,
ਤੂੰ ਬੱਦਲਾਂ ਦੀ ਸਦਾ ਏਂ।
ਤੂੰ ਸ਼ਰਮੋ ਹਯਾ ਏਂ,
ਤੂੰ ਅਜ਼ੀਮ ਵਫਾ ਏਂ।

(119)

ਤੂੰ ਰੰਗੀਨ ਜੱਨਤ ਏਂ,
ਤੂੰ ਜੀਵਨ ਦੀ ਲੱਜ਼ਤ ਏਂ।
ਤੂੰ ਉਭਰਦੀ ਅਜ਼ਮਤ ਏਂ,
ਤੂੰ ਖ਼ਾਬਾਂ ਦੀ ਮੁਹੱਬਤ ਏਂ।

(120)

ਤੂੰ ਆਰਜ਼ੂ ਵੀ ਏਂ, ਹਸੀਨ ਖਾਬ ਵੀ ਏਂ,
ਤੂੰ ਉਮੰਗ ਵੀ ਏ, ਨਸ਼ਾ-ਏ ਸ਼ਰਾਬ ਵੀ ਏਂ।
ਕੁਦਰਤ ਦੇ ਨਜ਼ਾਰੇ ਤੇਰੇ ਸਾਹਮਣੇ ਕੁਝ ਵੀ ਨਹੀਂ,
ਤੂੰ ਸੂਰਜ ਵੀ ਏਂ, ਜਲਵਾ-ਏ ਮਹਿਤਾਬ ਵੀ ਏਂ।

(121)

ਤੂੰ ਹੈਂ ਤਾਂ ਬਹਾਰੇ ਗੁਲਸਤਾਂ ਹੈ,
ਤੂੰ ਹੈਂ ਤਾਂ ਚਰਾਗੇ ਆਸਮਾਂ ਹੈ।
ਤੂੰ ਹੈਂ ਤਾਂ ਨਗਮਾਏ ਰਵਾਂ ਹੈ,
ਤੂੰ ਹੈਂ ਤਾਂ ਜ਼ਿੰਦਗੀ ਦੀ ਦਾਸਤਾਨ ਹੈ।

(122)

ਤੂੰ ਮੇਰੀ ਅੱਖੀਆਂ ਦਾ ਨੂਰ ਹੈਂ,
ਮੇਰੀ ਰੂਹ ਦਾ ਸਰੂਰ ਹੈਂ।
ਦੁਆ ਏ ਕਿ ਤੂੰ ਸਦਾ ਖੁਸ਼ ਰਹੇਂ,
ਤੂੰ ਮੇਰੇ ਤਖਈਅਲ ਦੀ ਹੂਰ ਹੈਂ।

(123)

ਤੂੰ ਹੀ ਮੇਰੇ ਜੀਵਨ ਦੀ ਸ਼ੱਬੇ ਬਰਾਤ ਏਂ,
ਹੋਣ ਜਿਸ ਤੇ ਚੰਨ ਫਿਦਾ ਤੂੰ ਉਹ ਰਾਤ ਹੈਂ।
ਜ਼ਮੀਂ ਤੋਂ ਆਕਾਸ਼ ਤਕ ਤੇਰੇ ਹੁਸਨ ਦਾ ਹੈ ਚਰਚਾ,
ਤੂੰ ਹੀ ਹਰ ਯੁਗ ਦੀ ਸ਼ਮੇ ਕਾਏਨਾਤ ਹੈਂ।

(124)

ਤੈਨੂੰ ਦੇਖਣ ਨੂੰ ਜੀ ਮੇਰਾ ਤਰਸ ਜਾਂਦਾ ਏ,
ਤੇਰੀ ਸ਼ੋਖੀ ਯਾਦ ਕਰਕੇ ਦਿਲ ਤੜਪ ਜਾਂਦਾ ਏ।
ਬੇਖ਼ੁਦੀ ਵਿਚ ਦੌੜ ਕੇ ਤੈਨੂੰ ਚੁੰਮਨ ਤੇ ਜੀ ਕਰਦਾ ਏ,
ਤੇਰੀ ਚੰਚਲਤਾ ਯਾਦ ਕਰਕੇ ਕਲੇਜਾ ਫੜਕ ਜਾਂਦਾ ਏ।

(125)

ਤੂੰ ਆ ਕੇ ਮੇਰੇ ਜੀਵਨ ਵਿਚ ਚਿਰਾਗਾਂ ਕਰਦੇ,
ਖਾਮੋਸ਼ ਜ਼ਿੰਦਗੀ ਨੂੰ ਨਗਮਾਂ ਰਕਸ਼ਾਂ ਕਰਦੇ।
ਮੇਰੇ ਜੀਵਨ ਦੀ ਹਰ ਸਚਾਈ ਨੂੰ ਉਰਈਆ ਕਰਦੇ,
ਬਹਾਰਾਂ ਨੂੰ ਹਵਾਵਾਂ ਨੂੰ ਗਲੇ ਅਫਸ਼ਾਂ ਕਰਦੇ।

(126)

ਮੇਰੇ ਉਜੜੇ ਚਮਨ ਦੀ ਖ਼ਿਜ਼ਾਂ ਤੈਨੂੰ ਯਾਦ ਕਰਦੀ ਏ,
ਪਤਝੜ ਦੀ ਮਾਯੂਸ ਹਵਾ ਤੈਨੂੰ ਯਾਦ ਕਰਦੀ ਏ।
ਹਰ ਸੁੱਕਾ ਪੱਤਾ ਮੁਤੰਜ਼ਰ ਏ ਤੇਰੀ ਛੋ ਪਾਵਨ ਨੂੰ,
ਦਰਖ਼ੱਤ ਦੀ ਵਿਰਾਨ ਟਾਲੀ, ਤੈਨੂੰ ਫਰਯਾਦ ਕਰਦੀ ਏ।

(127)

ਤੂੰ ਮਸਤ ਘਟਾ ਏਂ,
ਤੂੰ ਬੱਦਲਾਂ ਦੀ ਸਦਾ ਏਂ।
ਤੂੰ ਸ਼ਰਮੋ ਹਯਾ ਏਂ,
ਤੂੰ ਅਜ਼ਾਮ ਵਫਾ ਏਂ।

(128)

ਤੂੰ ਰੰਗੀਨ ਜਨੱਤ ਏਂ,
ਤੂੰ ਜੀਵਨ ਦੀ ਲੱਜ਼ਤ ਏਂ।
ਤੂੰ ਉਭਰਦੀ ਅਜ਼ਮਤ ਏਂ,
ਤੂੰ ਖ਼ਾਬਾਂ ਦੀ ਮੁਹੱਬਤ ਏਂ।

(129)

ਤੂੰ ਆਰਜ਼ੂ ਵੀ ਹੈਂ, ਹਸੀਨ ਖ਼ਾਬ ਵੀ ਏਂ,
ਤੂੰ ਉਮੰਗ ਵੀ ਏ, ਨਸ਼ਾ-ਏ ਸ਼ਰਾਬ ਵੀ ਏਂ।
ਕੁਦਰਤ ਦੇ ਨਜ਼ਾਰੇ ਤੇਰੇ ਸਾਹਮਣੇ ਕੁਝ ਵੀ ਨਹੀਂ,
ਤੂੰ ਸੂਰਜ ਵੀ ਏਂ, ਜਲਵਾ-ਏ ਮਹਤਾਬ ਵੀ ਏਂ।

(130)

ਤੂੰ ਹੈਂ ਤਾਂ ਬਹਾਰੇ ਗੁਲਸਤਾਂ ਹੈ,
ਤੂੰ ਹੈਂ ਤਾਂ ਚਰਾਗੇ ਆਸਮਾਂ ਹੈ।
ਤੂੰ ਹੈਂ ਤਾਂ ਨਗਮਾ ਏ ਰਵਾਂ ਹੈ,
ਤੂੰ ਹੈਂ ਤਾਂ ਜ਼ਿੰਦਗੀ ਦੀ ਦਾਸਤਾਨ ਹੈ।

(131)

ਤੂੰ ਮੇਰੀ ਅਖੀਆਂ ਦਾ ਨੂਰ ਹੈਂ,
ਤੂੰ ਮੇਰੀ ਰੂਹ ਦਾ ਸਰੂਰ ਹੈਂ।
ਦੁਆ ਏ ਕਿ ਤੂੰ ਸਦਾ ਖੁਸ਼ ਰਹੇਂ,
ਤੂੰ ਮੇਰੇ ਤਖਈਅਲ ਦੀ ਹੂਰ ਹੈਂ।

(132)

ਤੂੰ ਹੀ ਮੇਰੇ ਜੀਵਨ ਦੀ ਸ਼ੱਬੇ ਬਰਾਤ ਏਂ,
ਹਨ ਜਿਸ ਤੇ ਚੰਨ ਫਿਦਾ ਤੂੰ ਉਹ ਰਾਤ ਹੈ।
ਜ਼ਮੀਂ ਤੋਂ ਆਕਾਸ਼ ਤਕ ਤੇਰੇ ਹੁਸਨ ਦਾ ਹੈ ਚਰਚਾ,
ਤੂੰ ਹੀ ਹਰ ਯੁਗ ਦੀ ਸ਼ਮੇ ਕਾਏਨਾਤ ਹੈਂ।

(133)

ਮੇਰੇ ਸ਼ੇਅਰ ਸੁਣਕੇ ਜਦ ਤੂੰ ਮੁਸਕਰਾਂਦੀ ਏਂ,
ਮੇਰੇ ਸਾਜ਼ੇ-ਆਹੰਗ ਤੇ ਜਦ ਥਰਥਰਾਂਦੀ ਏ।
ਕੋਸੇ-ਕਜ਼ਾ ਬਣਕੇ ਆਕਾਸ਼ ਧਰਤੀ ਨੂੰ ਚੁੰਮਦਾ ਏ,
ਤੇਰੀ ਨਾਜ਼ਕ ਕਾਇਆ ਜਦ ਹਵਾ ਵਿਚ ਲਹਲਹਾਂਦੀ ਏ।

(134)

ਸਾਵਣ ਦੀਆਂ ਘਟਾਵਾਂ, ਤੇਰੇ ਸਾਮ੍ਹਣੇ ਕੁਝ ਵੀ ਨਹੀਂ,
ਇਹ ਗੁਲ-ਫਸ਼ਾਂ ਫ਼ਿਜ਼ਾਵਾਂ, ਤੇਰੇ ਸਾਮ੍ਹਣੇ ਕੁਝ ਵੀ ਨਹੀਂ।
ਕੁਦਰਤ ਦੇ ਰੰਗੀਨ ਨਜ਼ਾਰੇ, ਤੇਰੇ ਸਾਮ੍ਹਣੇ ਕੁਝ ਵੀ ਨਹੀਂ,
ਆਕਾਸ਼ੀ ਜੰਨਤ ਦੇ ਕਿਨਾਰੇ, ਤੇਰੇ ਸਾਮ੍ਹਣੇ ਕੁਝ ਵੀ ਨਹੀਂ।

(135)

ਮੈਂ ਸ਼ਰਾਬ ਪੀ ਲਵਾਂਗਾ, ਤੂੰ ਸਾਕੀ ਬਣਕੇ ਦੇਖ,
ਮੈਂ ਹੰਝੂ ਪੀ ਲਵਾਂਗਾ, ਤੂੰ ਮੁਸਕਰਾ ਕੇ ਦੇਖ।
ਤੂੰ ਹੀ ਮੇਰੇ ਜੀਵਨ ਦੀ, ਵਾਹਦ ਹੈਂ ਮਾਲਕ,
ਇਕ ਵਾਰ ਫੇਰ ਮੈਨੂੰ ਤੂੰ, ਆਜ਼ਮਾ ਕੇ ਦੇਖ।

(136)

ਤੂੰ ਹੀ ਹੈਂ ਹਸੀਨ ਧਰਤੀ,
ਤੂੰ ਹੀ ਨੀਲਾ ਆਸਮਾਨ।
ਤੂੰ ਹੀ ਮੇਰੀ ਜਾਨੇ ਤਮੰਨਾ,
ਤੂੰ ਹੀ ਮੇਰਾ ਇਸ਼ਕ ਇਮਾਨ।

(137)

ਤੂੰ ਰਾਤ ਤੋਂ ਸੋਹਣੀ ਏਂ,
ਤੂੰ ਦਿਨ ਤੋਂ ਸੋਹਣੀ ਏਂ।
ਤੂੰ ਸ਼ਾਮ ਤੋਂ ਸੋਹਣੀ ਏਂ,
ਤੂੰ ਸਵੇਰ ਤੋਂ ਸੋਹਣੀ ਏਂ।
ਤੂੰ ਆਸਮਾਨ ਤੋਂ ਸੋਹਣੀ ਏਂ,
ਤੂੰ ਗੁਲਸਤਾਂ ਤੋਂ ਸੋਹਣੀ ਏਂ।

(138)

ਮੈਂ ਤੇਰੇ ਲਈ ਤਾਜ ਮਹਲ ਬਣਾਂ ਨਹੀਂ ਸਕਦਾ,
ਕਿਉਂਕਿ ਮੈਂ ਸ਼ਾਹ ਜਹਾਨ ਵਾਂਗੂੰ ਇਕ ਬਾਦਸ਼ਾਹ ਨਹੀਂ।
ਮੈਂ ਤੇਰੇ ਲਈ ਬੇਵਫਾਈ ਕਰ ਨਹੀਂ ਸਕਦਾ,
ਕਿਉਂਕਿ ਮੈਂ ਆਲਮੇ ਜ਼ਹਾਂਗੀਰ ਵਾਂਗੂੰ ਇਕ ਬਾਦਸ਼ਾਹ ਨਹੀਂ।
ਮੈਂ ਤਾਂ ਆਸ਼ਕ ਹਾਂ, ਤੇਰੇ ਲਈ ਆਸ਼ਕੀ ਦਾ ਘਰ ਬਣਾਵਾਂਗਾ,
ਮੈਂ ਤਾਂ ਸ਼ਾਇਰ ਹਾਂ ਤੇਰੇ ਲਈ ਰੋਜ਼ ਨਵੀਂ ਗਜ਼ਲ ਗਾਵਾਂਗਾ।
ਖੁੱਲੇ ਆਕਾਸ਼ ਥੱਲੇ, ਧਰਤੀ ਹੀ ਸਾਡਾ ਤਾਜ ਮਹਲ ਹੋਵੇਗੀ,
ਦਰਿਆ, ਆਬਸ਼ਾਰ, ਪਹਾੜ ਤੇ ਵਾਦੀ ਸਾਡਾ ਨਸ਼ੇਮਨ ਦਿਲ ਹੋਵੇਗੀ।

(139)

ਨੀਲਾ ਆਕਾਸ਼ ਵੀ ਤੇਰਾ ਏ,
ਸਬਜ਼ ਧਰਤੀ ਵੀ ਤੇਰੀ ਏ।
ਮੇਰਾ ਦਿਲ ਵੀ ਤੇਰਾ ਏ,
ਦਿਲ ਦੀ ਬਸਤੀ ਵੀ ਤੇਰੀ ਏ।

(140)

ਆ ਆਬਾਦ ਕਰ ਦੇ ਤੂੰ ਮੇਰੇ ਜੀਵਨ ਦੀ ਖ਼ਿਜ਼ਾਂ ਨੂੰ,
ਆ ਰੰਗੀਨ ਕਰ ਦੇ ਤੂੰ ਮੇਰੇ ਉਜੜੇ ਗੁਲਸਤਾਂ ਨੂੰ,
ਮੇਰੀ ਸ਼ਾਇਰੀ ਵੀ ਰੋ ਰੋ ਕੇ ਥਕ ਗਈ ਏ,
ਤੂੰ ਆ ਮੁਕਮੱਲ ਕਰਦੇ ਮੇਰੀ ਅਧੂਰੀ ਦਾਸਤਾਂ ਨੂੰ।

(141)

ਤੂੰ ਰਹੇਂ ਗੁਲਸਤਾਂ ਤੋਂ ਉਚੀ ਏਂ,
ਤੂੰ ਨਗਮਾਂ ਰਵਾਂ ਤੋਂ ਉਚੀ ਏਂ।
ਤੂੰ ਚਿਰਾਗੇ ਆਸਮਾਂ ਤੋਂ ਉਚੀ ਏਂ,
ਤੂੰ ਨਿਕਹਤੇ ਫ਼ਸ਼ਾਂ ਤੋਂ ਉਚੀ ਏਂ।

(142)

ਤੇਰੇ ਗੁਦਾਜ਼ ਅੰਗ ਸਜੀਲੇ ਨੇ,
ਤੇਰੇ ਕਾਲੇ ਨੈਣ ਨਸ਼ੀਲੇ ਨੇ।
ਤੂੰ ਰੂਪ ਦਾ ਅਜਬ ਕ੍ਰਿਸ਼ਮਾ ਏਂ,
ਤੇਰੇ ਮਿੱਠੇ ਹੋਠ ਰਸੀਲੇ ਨੇ।

(143)

ਤੇਰਾ ਰੂਪ ਅਨੋਖਾ ਏ,
ਤੇਰੀ ਸਜ ਧਜ ਨਿਆਰੀ ਏ।
ਤੂੰ ਚੰਦ ਦਾ ਮੁਖੜਾ ਏਂ,
ਤੇਰੀ ਚਾਲ ਢਾਲ ਮਤਵਾਲੀ ਏ।

(144)

ਤੇਰੀ ਸ਼ਰਾਰਤ ਤੇ ਪਿਆਰ ਦੇ, ਇਸ਼ਾਰੇ ਯਾਦ ਆਉਂਦੇ ਨੇ,
ਤੇਰੇ ਬਦਨ ਦੇ ਸ਼ਾਦਾਬ ਨਜ਼ਾਰੇ ਯਾਦ ਆਉਂਦੇ ਨੇ।
ਸਾਂਝੇ ਜੀਵਨ ਦੇ ਸਭ ਧਾਰੇ ਯਾਦ ਆਉਂਦੇ ਨੇ,
ਤੇਰੇ ਨਾਲ ਗੁਜ਼ਰੇ ਦਰਿਆ ਦੇ ਕਿਨਾਰੇ ਯਾਦ ਆਉਂਦੇ ਨੇ।

(145)

ਤੂੰ ਚਾਂਦਨੀ ਰਾਤ ਤੋਂ ਉਚੀ ਏਂ,
ਤੂੰ ਹਸੀਨ ਖ਼ਾਬ ਤੋਂ ਉਚੀ ਏਂ।
ਤੂੰ ਇਨਸਾਨਾਂ ਦੇ ਮੈਖ਼ਾਨੇ ਤੋਂ ਉਚੀ ਏਂ,
ਤੂੰ ਹੂਰਾਂ ਦੇ ਕਾਸ਼ਾਨੇ ਤੋਂ ਉਚੀ ਏਂ।

(146)

ਤੂੰ ਹਰ ਤਬੱਸਮ ਤੋਂ ਉਚੀ ਏਂ,
ਤੂੰ ਹਰ ਤਰਨੱਮ ਤੋਂ ਉਚੀ ਏਂ।
ਤੂੰ ਹਰ ਸਾਜ਼ ਤੋਂ ਉਚੀ ਏਂ,
ਤੂੰ ਹਰ ਆਵਾਜ਼ ਤੋਂ ਉਚੀ ਏਂ।

(147)

ਤੂੰ ਹਰ ਮੁਸੱਰਤ ਤੋਂ ਉਚੀ ਏਂ,
ਤੂੰ ਹਰ ਮੁਹੱਬਤ ਤੋਂ ਉਚੀ ਏਂ।
ਤੂੰ ਹਰ ਜ਼ਿੰਦਗਾਨੀ ਤੋਂ ਉਚੀ ਏਂ,
ਤੂੰ ਖ਼ਾਬੇ ਜਵਾਨੀ ਤੋਂ ਉਚੀ ਏਂ।

(148)

ਤੂੰ ਹਰ ਹਕੂਮਤ ਤੋਂ ਉਚੀ ਏਂ,
ਤੂੰ ਹਰ ਔਰਤ ਤੋਂ ਉਚੀ ਏਂ।
ਤੂੰ ਹਰ ਆਸ਼ਨਾਂ ਤੋਂ ਉਚੀ ਏਂ,
ਤੂੰ ਹਰ ਵਫਾ ਤੋਂ ਉਚੀ ਏਂ।

(149)

ਚਮਨ ਵਿਚ ਬੁਲਬੁਲ ਜਦ ਕੋਈ ਗੀਤ ਗਾਏਗੀ,
ਉਦਾਸ ਫੁਲਾਂ ਨੂੰ ਰਸ ਭਰੇ ਨਗਮੇ ਸੁਣਾਏਗੀ।
ਤੇਰੀ ਯਾਦ ਹੰਝੂ ਬਣਕੇ ਅੱਖੀਆਂ 'ਚ ਉਤਰੇਗੀ,
ਤੇਰੇ ਵਸਲ, ਤੇਰੇ ਕੁਰਬ ਦੀ ਯਾਦ ਆਏਗੀ।

(150)

ਹਰ ਰਾਤ ਦਾ ਤੀਜਾ ਪਹਰ ਤੇਰੀ ਯਾਦ ਦਵਾਂਦਾ ਏ,
ਹਰ ਸ਼ਾਮ ਦਾ ਧੁੰਧਲਕਾ ਤੇਰੀ ਯਾਦ ਦਵਾਂਦਾ ਏ।
ਇਹਨਾਂ ਵਕਤਾਂ ਤੇ ਤੂੰ ਮੈਨੂੰ ਰਜ ਕੇ ਪਿਆਰ ਕਰਦੀ ਸੈਂ,
ਜੀਵਨ ਦਾ ਹਰ ਲਮਹਾ, ਤੇਰੀ ਯਾਦ ਦਵਾਂਦਾ ਏ।

(151)

ਜੇ ਤੇਰਾ ਸਾਥ ਨਹੀਂ, ਤਾਂ ਜੀਵਨ ਵਿਚ ਕੁਝ ਵੀ ਨਹੀਂ,
ਜੇ ਤੇਰਾ ਪਿਆਰ ਨਹੀਂ, ਤਾਂ ਜੀਵਨ ਵਿਚ ਕੁਝ ਵੀ ਨਹੀਂ।
ਇਹ ਸ਼ਾਨ ਸ਼ੌਕਤ, ਇਹ ਮਹੱਲ ਮਾੜੀਆਂ,
ਤੇਰੇ ਬਗੈਰ ਮੇਰੀ ਜਾਨੇ-ਮਨ ਕੁਝ ਵੀ ਨਹੀਂ।

(152)

ਤੂੰ ਮੁਸਕਰਾਂਦੀ ਏਂ ਤਾਂ ਪੁੰਗਰਦੀ ਕਲੀ ਦਾ ਅਹਸਾਸ ਹੁੰਦਾ ਏ,
ਤੂੰ ਹਸਦੀ ਏਂ ਤਾਂ ਮਹਕਦੇ ਫੁਲਾਂ ਦਾ ਅਹਸਾਸ ਹੁੰਦਾ ਏ।
ਤੂੰ ਪਿਆਰ ਨਾਲ ਤਕਦੀ ਏਂ ਤਾਂ ਕਿਸੇ
ਸ਼ਰਾਰਤ ਦਾ ਅਹਸਾਸ ਹੁੰਦਾ ਏ,
ਤੂੰ ਹਥਾਂ ਨਾਲ ਛੋਹ ਲੈਂਦੀ ਏਂ ਤਾਂ ਤੇਰੀ
ਮੁਹਬੱਤ ਦਾ ਅਹਿਸਾਸ ਹੁੰਦਾ ਏ।

(153)

ਤੇਰੇ ਹਥਾਂ ਦੀ ਛੋਹ ਬਖ਼ਸ਼ਿਸ਼ ਹੈ, ਨਯਾਮਤ ਹੈ,
ਤੇਰੇ ਸਾਹਾਂ ਦਾ ਉਧਾਰ ਕਰਾਮਤ ਹੈ, ਅਕੀਦਤ ਹੈ।
ਤੇਰੇ ਹੋਂਠਾਂ ਦਾ ਲਿਮਸ ਲੱਜ਼ਤ ਹੈ, ਗੁਰਬਤ ਹੈ,
ਤੇਰੇ ਜਿਸਮ ਦਾ ਮਿਲਨ, ਜਨੱਤ ਹੈ, ਮੁਹੱਬਤ ਹੈ।

(154)

ਤੂੰ ਰਬ ਦੀ ਹਰ ਬਖ਼ਸ਼ਿਸ਼ ਤੋਂ ਉਚੀ ਹੈਂ,
ਤੂੰ ਰਬ ਦੀ ਹਰ ਅਕੀਦਤ ਤੋਂ ਉਚੀ ਹੈਂ।
ਤੂੰ ਰਬ ਦੇ ਹਰ ਕਰਮ ਤੋਂ ਉਚੀ ਹੈਂ,
ਤੂੰ ਰਬ ਦੀ ਹਰ ਨਯਾਮਤ ਤੋਂ ਉਚੀ ਹੈਂ।

(155)

ਤੂੰ ਕੋਮਲ ਹੈਂ, ਤੂੰ ਨਾਜ਼ਕ ਹੈਂ,
ਤੂੰ ਸਜਰੀ ਹੈਂ, ਤੂੰ ਸੁਗੰਦਿਤ ਹੈਂ।
ਤੂੰ ਸ਼ੋਖ਼ ਹੈਂ, ਤੂੰ ਚੰਚਲ ਹੈਂ,
ਤੂੰ ਜਵਾਨ ਹੈਂ, ਤੂੰ ਕਯਾਮਤ ਹੈਂ।

(156)

ਤੂੰ ਧਰਮਾਂ ਦੀ ਪਵਿਤਰਤਾ ਹੈਂ,
ਤੂੰ ਧਰਮ-ਗਰੰਥਾਂ ਦੀ ਲਾਜ ਹੈਂ।
ਤੂੰ ਮਹਜ਼ਬਾਂ ਦਾ ਸੰਗਮ ਹੈਂ,
ਤੂੰ ਪੈਗੰਬਰਾਂ ਦੀ ਆਵਾਜ਼ ਹੈਂ।

(157)

ਤੂੰ ਧਰਮਾਂ ਤੋਂ ਉਚੀ ਏਂ,
ਤੂੰ ਧਰਮ-ਗਰੰਥਾਂ ਤੋਂ ਉਚੀ ਏਂ।
ਤੂੰ ਮਹਜ਼ਬਾਂ ਤੋਂ ਉਚੀ ਏਂ,
ਤੂੰ ਪੈਗੰਬਰਾਂ ਤੋਂ ਉਚੀ ਏਂ।

(158)

ਤੂੰ ਉਹ ਸ਼ਮਾਂ ਏ, ਜਿੱਦੀ, ਹਵਾ ਫਾਨੂਸ ਬਣਕੇ
ਆਪ ਹਿਫਾਜਤ ਕਰਦੀ ਏ,
ਤੂੰ ਉਹ ਗੁਲਸ਼ਨ ਏ, ਜਿਦੀ, ਪਤਝੜ ਬਾਗਬਾਨ ਬਣਕੇ
ਆਪ ਹਿਫਾਜ਼ਤ ਕਰਦੀ ਏ।
ਕਾਇਨਾਤ ਦੀ ਪੂਰਨ ਖ਼ੂਬਸੂਰਤੀ ਤੈਥੋਂ ਕਿਤੇ ਥੱਲੇ ਹੈ,
ਤੂੰ ਉਹ ਨਖਲਿਸਤਾਨ ਏਂ, ਜਿਦੀ,
ਰੇਤ ਪਾਣੀ ਬਣਕੇ ਆਪ ਹਿਫ਼ਾਜ਼ਤ ਕਰਦੀ ਏ।

(159)

ਤੂੰ ਹਰ ਸ਼ਮਾਂ ਤੋਂ ਸੋਹਣੀ ਏਂ,
ਤੂੰ ਹਰ ਗੁਲਸ਼ਨ ਤੋਂ ਸੋਹਣੀ ਏਂ।
ਤੂੰ ਹਰ ਵਾਦੀ ਤੋਂ ਸੋਹਣੀ ਏਂ,
ਤੂੰ ਹਰ ਚਮਨ ਤੋਂ ਸੋਹਣੀ ਏਂ।

(160)

ਚੰਨ ਦੀ ਚਾਂਦਨੀ ਤੈਥੋਂ ਥੱਲੇ ਹੈ,
ਸੂਰਜ ਦੀ ਰੋਸ਼ਨੀ ਤੈਥੋਂ ਥੱਲੇ ਹੈ।
ਫੁੱਲਾਂ ਦੀ ਖ਼ੁਸ਼ਬੂ ਤੈਥੋਂ ਥੱਲੇ ਹੈ,
ਕਲੀਆਂ ਦੀ ਮਹਕ ਤੈਥੋਂ ਥੱਲੇ ਹੈ।

(161)

ਤੈਨੂੰ ਸ਼ੀਰੀਂ ਦੀ ਤੜਪ ਦੀ ਕਸਮ, ਕਿਸੇ ਹੋਰ ਦੀ ਨਾ ਬਣ,
ਤੈਨੂੰ ਝਨਾਂ ਦੀ ਲਹਿਰ ਦੀ ਕਧਮ, ਕਿਸੇ ਹੋਰ ਦੀ ਨਾ ਬਣ।
ਤੈਨੂੰ ਸੱਸੀ ਦੀ ਮੌਤ ਦੀ ਕਸਮ, ਕਿਸੇ ਹੋਰ ਦੀ ਨਾ ਬਣ,
ਤੈਨੂੰ ਹੀਰ ਦੀ ਜ਼ਹਿਰ ਦੀ ਕਸਮ, ਕਿਸੇ ਹੋਰ ਦੀ ਨਾ ਬਣ।

(162)

ਤੇਰੇ ਪੈਰਾਂ ਦੀ ਮਹਿੰਦੀ ਦਾ ਰੰਗ, ਕਦੇ ਨਹੀਂ ਬਦਲੇਗਾ,
ਮੈਂ ਤੈਨੂੰ ਅਖਾਂ ਦੀ ਪਲਕਾਂ ਤੇ ਬੈਠਾ ਕੇ ਰਖਾਂਗਾ।
ਤੇਰੇ ਹਥਾਂ ਦੇ ਸੂਹੇ ਚੂੜੇ ਦਾ ਰੰਗ, ਕਦੇ ਨਹੀਂ ਬਦਲੇਗਾ,
ਮੈਂ ਤੈਨੂੰ ਅਪਣੇ ਦਿਲ ਦੀ ਗਹਰਾਈਆਂ 'ਚ ਲੁਕਾ ਕੇ ਰਖਾਂਗਾ।

(163)

ਤੇਰੇ ਕਦਮਾਂ ਦੀ ਆਵਾਜ਼, ਤੇਰੀ ਪਾਯਲ ਦੀ ਝੰਕਾਰ।
ਮੈਨੂੰ ਯਾਦ ਆਉਂਦੀ ਏ।
ਕਿਸੇ ਬਰਸਾਤ ਦੀ ਕਣ ਮਣ, ਤੇਰੇ ਚੂੜੇ ਦੀ ਛੰਨ ਛੰਨ,
ਮੈਨੂੰ ਯਾਦ ਆਉਂਦੀ ਏ।
ਤੇਰੇ ਬੋਲਾਂ ਦੀ ਲੱਜ਼ਤ, ਤੇਰੇ ਅੰਦਾਜ਼ ਦੀ ਰੁਗਬਤ,
ਮੈਨੂੰ ਯਾਦ ਆਉਂਦੀ ਏ।

(164)

ਤੂੰ ਭਟਕੇ ਰਾਹਾਂ ਤੋਂ ਮੁੜਕੇ ਜਦ ਆਪਣੇ ਘਰ ਆਵੇਂਗੀ,
ਮੈਂ ਧਰਤੀ ਤੋਂ ਗਗਨ ਤਕ, ਫੁਲਾਂ ਦਾ ਫਰਸ਼ ਵਿਛਾਵਾਂਗਾ।
ਆਕਾਸ਼ ਨੂੰ ਬਣਾਕੇ, ਇਕ ਵਡਾ ਸ਼ਮਾਦਾਨ,
ਤਾਰਿਆਂ ਦੀ ਲੌ ਨਾਲ ਇਕ ਸ਼ਮਾਂ ਜਗਾਵਾਂਗਾ।
ਫੇਰ ਨਚਾਂਗਾ, ਟਪਾਂਗਾ, ਗੀਤ ਗਾਵਾਂਗਾ,
ਹਰ ਸਾਥੀ ਨੂੰ ਕਰ ਇੱਕਠਾ, ਮੈਂ ਭੰਗੜੇ ਪਾਵਾਂਗਾ।

(165)

ਤੇਰੀ ਗਲ-ਬਾਤ ਮੈਨੂੰ ਬਹੁਤ ਪਿਆਰੀ ਲਗਦੀ ਏ,
ਤੇਰੀ ਮੁਲਾਕਾਤ ਮੈਨੂੰ ਬਹੁਤ ਪਿਆਰੀ ਲਗਦੀ ਏ।
ਉਹ ਰਾਤ ਜਿਸ ਘੜੀ ਤੂੰ ਮੁਕੰਮਲ ਮੇਰੀ ਹੋ ਗਈ,
ਉਹ ਹੀ ਰਾਤ ਮੈਨੂੰ ਸਭ ਤੋਂ ਪਿਆਰੀ ਲਗਦੀ ਏ।

(166)

ਗੁਲਸ਼ਨ ਦੀਆਂ ਬਹਾਰਾਂ ਚੁਪ ਨੇ ਤੂੰ ਪ੍ਰੀਤ ਦਾ ਗੀਤ ਸੁਣਾ ਜਾਨਮ,
ਮੈਂ ਤੇ ਮੇਰੀ ਤਨਹਾਈ, ਤੂੰ ਉਮੀਦ ਦੀ ਮਹਫਲ ਸਜਾ ਜਾਨਮ।
ਹੁਣ ਸਾਵਣ ਦੀਆਂ ਪੀਂਘਾਂ ਪਾਈਆਂ ਨੇ, ਤੂੰ ਬਦਲੀ ਬਣਕੇ ਛਾ ਜਾਨਮ।

(167)

ਤੇਰੇ ਚੇਹਰੇ ਤੇ ਰਬ ਦਾ ਨੂਰ ਵਸਦਾ ਏ,
ਕਾਏਨਾਤ ਦੀ ਹਸੀਨੀ ਤੈਥੋਂ ਜਨਮੀ ਏ।
ਹਰ ਜਨੱਤ, ਹਰ ਦਰਗਾਹ ਤੈਨੂੰ ਸੱਜਦੇ ਕਰਦੀ ਏ,
ਹਰ ਖ਼ੁਸ਼ਬੂ ਹਰ ਮਹੱਕ ਤੈਥੋਂ ਜਨਮੀ ਏ।

(168)

ਤੇਰੇ ਬਗੈਰ ਬਰਸਾਤ ਦਾ ਜੋਬਨ ਕੁਝ ਵੀ ਨਹੀਂ,
ਤੇਰੇ ਬਗੈਰ ਪੀਂਘਾਂ ਦਾ ਨਸ਼ੇਮਨ ਕੁਝ ਵੀ ਨਹੀਂ।
ਦੂਰ ਮੈਥੋਂ ਨਾ ਜਾਈਂ ਪੂਨਮ,
ਤੇਰੇ ਬਗੈਰ ਖ਼ੁਸ਼ੀਆਂ ਦਾ ਸਾਵਣ ਕੁਝ ਵੀ ਨਹੀਂ।

(169)

ਤੇਰੇ ਬਗੈਰ ਘੋਰ ਘਟਾਵਾਂ ਕੁਝ ਵੀ ਨਹੀਂ,
ਪਹਾੜ, ਝੀਲਾਂ, ਬਰਖਾ ਤੇ ਹਵਾਵਾਂ ਕੁਝ ਵੀ ਨਹੀਂ।
ਤੇਰੇ ਬਗੈਰ ਸਭ ਮੌਸਮ ਪਤਝੜ ਤੋਂ ਥੱਲੇ ਨੇ,
ਕੋਇਲ ਦੀਆਂ ਕੂਕਾਂ, ਬੁਲਬੁਲ ਦੀਆਂ ਸਦਾਵਾਂ ਕੁਝ ਵੀ ਨਹੀਂ।

(170)

ਜਿਹੜੀ ਜੱਨਤ ਤੂੰ ਬਣਾਈ, ਉਹ ਹੀ ਜੱਨਤ ਮੇਰੀ ਏ,
ਜਿਹੜੀ ਰਾਹਗੁਜ਼ਰ ਤੂੰ ਸਜਾਈ, ਉਹ ਹੀ ਰਾਹਗੁਜ਼ਰ ਮੇਰੀ ਏ।
ਇਹ ਦੁਨੀਆਂ ਬੇਵਫਾਈ ਦੀ ਕਹਾਣੀ ਹੈ,
ਜਿਹੜੀ ਉਲਫਤ ਤੂੰ ਨਿਭਾਈ, ਉਹ ਹੀ ਉਲਫਤ ਮੇਰੀ ਏ।

(171)

ਸਭ ਸੁਖਾਂ ਦੀ ਜਨਤਾ ਤੂੰ ਹੈਂ,
ਮੇਰੇ ਦੂੱਖਾਂ ਦੀ ਹਰਤਾ ਤੂੰ ਹੈਂ।
ਤੂੰ [illegible] ਦਿੱਤਾ ਪਿਆਰ ਤੇ ਖੁਸ਼ੀਆਂ,
ਮੇਰੇ ਨਸੀਬ ਦੀ ਕਰਤਾ ਤੂੰ ਹੈਂ।

(172)

ਅਜ ਤੇਰੇ ਨਾਲ ਮਿਲਣ ਦਾ ਕੋਈ ਵਾਦਾ ਤੇ ਨਹੀਂ,
ਪਰ ਅਖੀਆਂ ਨੂੰ, ਫੇਰ ਵੀ ਤੇਰਾ ਇੰਤਜ਼ਾਰ ਹੈ।
ਤੂੰ ਮੇਰੀ ਰਹੇਂ ਯਾ ਗੈਰ ਦੀ ਬਣੇ,
ਸਾਂਝੇ ਜੀਵਨ ਮਰਨ ਦਾ ਫੇਰ ਵੀ ਸਾਡਾ ਇਕਰਾਰ ਹੈ।

(173)

ਤੇਰੀ ਅੰਗੜਾਈ ਏ ਜਿਵੇਂ, ਕੋਈ ਸ਼ਾਖ ਲਹਰਾ ਗਈ ਏ,
ਤੇਰਾ ਅੰਦਾਜ਼ ਏ ਜਿਵੇਂ, ਕੋਈ ਗ਼ਜ਼ਲ ਮੁਸਕਰਾ ਗਈ ਏ।
ਤੇਰੀ ਨਿਗਾਹ ਏ ਜਿਵੇਂ ਕੋਈ ਬਿਜਲੀ ਥਰਥਰਾ ਗਈ ਏ,
ਤੇਰਾ ਨੂਰ ਏ ਜਿਵੇਂ ਗੁਲਸ਼ਨ ਵਿਚ ਬਹਾਰ ਆ ਗਈ ਏ।

(174)

ਮੈਂ ਰਬ ਤੋਂ ਹਰ ਵੇਲੇ ਤੇਰੀ ਖੁਸ਼ੀ ਦੀ ਦੁਆ ਮੰਗੀ ਏ,
ਮੈਂ ਰਬ ਤੋਂ ਹਰ ਵੇਲੇ ਤੇਰੇ ਸੁਖ ਦੀ ਦੁਆ ਮੰਗੀ ਏ।
ਹਰ ਸਜਦੇ ਵਿਚ ਮੈਂ ਖ਼ੁਦਾ ਦੀ ਜਗਾ ਤੈਨੂੰ ਵੇਖਿਆ ਏ,
ਮੈਂ ਰਬ ਤੋਂ ਹਰ ਵੇਲੇ ਤੇਰੀ ਮੁਸਰੱਤ ਦੀ ਦੁਆ ਮੰਗੀ ਏ।

(175)

ਧਰਤੀ ਤੇ ਭੇਜ ਦੇ ਰਬਾ ਜੱਨਤ ਦੇ ਕਹਾਰਾਂ ਨੂੰ,
ਵਿਛਾ ਦੇ ਜ਼ਮੀਨ ਤੇ ਹਰ ਤਰਫ, ਗਗਨ ਆਪਣੀ ਬਹਾਰਾਂ ਨੂੰ।
ਸੰਗੀਤ ਤੇ ਰੱਕਸ ਦਾ ਹੁਕਮ ਦੇ ਸਾਗਰ ਦੀਆਂ ਲਹਿਰਾਂ ਨੂੰ,
ਮੇਰੀ ਪੂਨਮ ਅਜ ਆਏਗੀ, ਪੈਗਾਮ ਮਿਲਿਆ ਦਿਲ ਦੀਆਂ ਤਾਰਾਂ ਨੂੰ।

(176)

ਮੈਨੂੰ ਤੇਰੀ ਹਰ ਅਦਾ ਨਾਲ ਮੁਹੱਬਤ ਹੈ,
ਤੇਰੇ ਨਾਲ ਜੀਵਨ ਬੀਤਾਵਣ ਦੀ ਹੱਸਰਤ ਹੈ।
ਮੈਂ ਤੈਨੂੰ ਰਬ ਤੋਂ ਮੰਗ ਲਿਆ ਹੈ,
ਛਾਈ ਹੋਈ ਹਰ ਪਾਸੇ ਸਾਵਣ ਦੀ ਰੰਗਤ ਹੈ।

(177)

ਚਮਨ ਦੀ ਹਰ ਕਲੀ, ਸਾਵਣ ਦੀ ਅਮਾਨਤ ਹੈ,
ਵਾਹਿਗੁਰੂ ਦੀ ਮਿਹਰ ਲਈ, ਸਜਦੇ ਦੀ ਜ਼ਰੂਰਤ ਹੈ।
ਮਸਜਿਦ ਤੇ ਗੁਰਦਵਾਰੇ, ਸਭ ਪਿਆਰ ਦੇ ਮੰਦਰ ਨੇ,
ਮੈਨੂੰ ਰਬ ਤੋਂ ਵਧ ਤੇਰੇ ਨਾਲ ਮੁਹੱਬਤ ਹੈ।

(178)

ਤੂੰ ਸੂਰਜ ਦੀ ਕਿਰਨਾਂ ਤੋਂ ਉਚੀ ਏਂ,
ਤੂੰ ਫੁਲਾਂ ਦੀ ਤਮੱਨਾ ਤੋਂ ਉਚੀ ਏਂ।
ਤੂੰ ਗੁਲਸਤਾਂ ਦੀ ਹਸਰਤ ਤੋਂ ਉਚੀ ਏਂ,
ਤੂੰ ਦੁਨੀਆਂ ਦੀ ਹਰ ਮੁਹੱਬਤ ਤੋਂ ਉਚੀ ਏਂ।

(179)

ਤੂੰ ਖ਼ੁੱਦਾ ਤੋਂ ਉਚੀ ਏਂ,
ਤੂੰ ਪਰਮੇਸ਼ਵਰ ਤੋਂ ਉਚੀ ਏਂ।
ਤੂੰ ਰਬ ਤੋਂ ਉਚੀ ਏਂ,
ਤੂੰ ਵਾਹਿਗੁਰੂ ਤੋਂ ਉਚੀ ਏਂ।

(180)

ਤੈਨੂੰ ਅਥਾ ਪਿਆਰ ਮੈਂ ਕੀਤਾ ਹੈ,
ਹੁਣ ਤੇਰੀ ਭਗਤੀ ਨੂੰ ਜੀ ਕਰਦਾ ਏ,
ਤੈਨੂੰ ਮਹਬੂਬਾ ਤੇ ਬਣਾਇਆ ਸੀ,
ਹੁਣ ਤੈਨੂੰ ਖ਼ੁਦਾ ਬਣਾਵਣ ਨੂੰ ਜੀ ਕਰਦਾ ਏ।
ਤੂੰ ਪਿਆਰ, ਹੁਸਨ ਤੇ ਭਗਤੀ ਦੀ ਸਭ ਤੋਂ ਉਚੀ ਦੇਵੀ ਹੈਂ,
ਤੈਨੂੰ ਬੀਵੀ ਤੇ ਬਣਾਇਆ ਸੀ,
ਹੁਣ ਤੈਨੂੰ ਇਸ਼ਟ ਬਣਾਵਣ ਨੂੰ ਜੀ ਕਰਦਾ ਏ।

(181)

ਤੂੰ ਮੇਰਾ ਮੁਕੱਦਰ ਵੀ ਏਂ, ਕਿਸਮਤ ਵੀ,
ਤੂੰ ਮੇਰਾ ਪਿਆਰ ਵੀ ਏਂ, ਗੁਰਬਤ ਵੀ।
ਤੂੰ ਮੇਰੀ ਜਾਨ ਵੀ ਏਂ, ਹਸਰਤ ਵੀ,
ਤੂੰ ਮੇਰੀ ਧੜਕਨ ਵੀ ਏਂ, ਮੁਹੱਬਤ ਵੀ।

(182)

ਤੂੰ ਮੇਰੇ ਖਾਬ ਦੀ ਮਲਕਾ ਏਂ,
ਤੂੰ ਰੂਹੇ ਆਫਤਾਬ ਦੀ ਮਲਕਾ ਏਂ।
ਤੂੰ ਹਰ ਜੱਨਤ ਦੀ ਮਲਕਾ ਏ,
ਤੂੰ ਰੌਸ਼ਨੀਏ ਮਹਤਾਬ ਦੀ ਮਲਕਾ ਏ।

(183)

ਪੱਛਮ ਦੀ ਹਵਾਵਾਂ ਤੋਂ, ਆਵਾਜ਼ ਤੇਰੀ ਆਉਂਦੀ ਏ,
ਤੇ ਮੈਨੂੰ ਇਕ ਦਰਿਆ ਦੇ, ਉਸ ਪਾਰ ਬੁਲਾਉਂਦੀ ਏ।
ਉਥੇ ਹੈ ਖ਼ਾਬਾਂ ਦੀ ਦੁਨੀਆਂ ਉਥੇ ਹੈ ਪਿਆਰ ਦੀ ਮਹਫ਼ਿਲ,
ਫੇਰ ਵੀ ਤਨਹਾ ਬੈਠੀ ਤੂੰ, ਮੇਰੇ ਮਿਲਨ ਦੇ ਨਗਮੇ ਗਾਉਂਦੀ ਏਂ।

(184)

ਤੂੰ ਪੂਜਾ ਦੀ ਸਮਿਗਰੀ ਤੋਂ ਪਵਿੱਤਰ ਏਂ,
ਤੂੰ ਪੂਜਾ ਦੇ ਫੁੱਲਾਂ ਤੋ ਪਵਿੱਤਰ ਏਂ।
ਤੂੰ ਪੂਜਾ ਦੇ ਪ੍ਰਸ਼ਾਦ ਤੋਂ ਪਵਿੱਤਰ ਏਂ,
ਤੂੰ ਪੂਜਾ ਦੇ ਸਲੋਕਾਂ ਤੋਂ ਪਵਿੱਤਰ ਏਂ।

(185)

ਤੂੰ ਮੇਰੇ ਜੀਵਨ ਦੀ ਪਾਠ-ਪੂਜਾ ਏਂ,
ਤੂੰ ਮੇਰੇ ਯਕੀਨ ਦਾ ਖ਼ਜਾਨਾ ਏਂ।
ਤੂੰ ਮੇਰੀ ਜ਼ਿੰਦਗੀ ਦਾ ਨਿੱਤਨੇਮ ਏਂ,
ਤੂੰ ਮੇਰੇ ਪਿਆਰ ਦਾ ਅਫਸਾਨਾ ਏਂ।

(186)

ਤੂੰ ਮੇਰੀ ਜੱਨਤ ਏਂ,
ਤੂੰ ਮੇਰੀ ਇਸ਼ਰਤ ਏਂ।
ਤੂੰ ਮੇਰੀ ਰੁਗਬਤ ਏਂ,
ਤੂੰ ਮੇਰੀ ਮੁਹੱਬਤ ਏਂ।

(187)

ਤੂੰ ਮੇਰੀ ਤਾਕਤ ਏਂ,
ਤੂੰ ਮੇਰੀ ਹਿੰਮਤ ਏਂ।
ਤੂੰ ਮੇਰੀ ਅਜ਼ਮਤ ਏਂ,
ਤੂੰ ਮੇਰੀ ਕੁਵੱਤ ਏਂ।

(188)

ਤੂੰ ਹੀ ਮੇਰੀ ਹਸਰਤ ਏਂ,
ਤੂੰ ਹੀ ਮੇਰੀ ਸ਼ੌਕਤ ਏਂ।
ਤੂੰ ਹੀ ਮੇਰੀ ਸਦਾਕਤ ਏਂ,
ਤੂੰ ਹੀ ਮੇਰੀ ਗੈਰਤ ਏਂ।

(189)

ਤੂੰ ਮੇਰੀ ਜਾਨੇ ਜਹਾਨ ਏਂ,
ਤੂੰ ਮੇਰੀ ਰਾਹਤੇ ਜਾਨ ਏਂ।
ਤੂੰ ਮੇਰੀ ਮੌਜੇ ਰਵਾਂ ਏਂ,
ਤੂੰ ਮੇਰੀ ਨੂਰ ਜਹਾਂ ਏਂ।

(190)

ਤੂੰ ਮੇਰੀ ਰੂਹੇ ਰਵਾਂ ਏਂ,
ਤੂੰ ਮੇਰੀ ਖ਼ਲਦ ਫਸ਼ਾਂ ਏਂ।
ਤੂੰ ਮੇਰੀ ਰਕਸੇ ਕਨਾਂ ਏਂ,
ਤੂੰ ਮੇਰੀ ਜ਼ੁਲੇਖਾਂ ਏ ਜਵਾਂ ਏਂ।

(191)

ਤੂੰ ਮਸਤਾਨੀ ਘਟਾ ਏਂ,
ਤੂੰ ਮਤਵਾਲੀ ਘਟਾ ਏਂ।
ਤੂੰ ਰੰਗੀਂ ਘਟਾ ਏਂ,
ਤੂੰ ਕਾਲੀ ਘਟਾ ਏਂ।

(192)

ਤੂੰ ਮੇਰਾ ਰੰਗੀਨ ਖਾਬ ਏਂ,
ਤੂੰ ਗੁੰਚਾ ਵੀ ਏ ਸ਼ਾਦਾਬ ਵੀ ਏਂ।
ਤੂੰ ਮੇਰੀ ਪਿਆਰੀ ਫਿਰਦੌਸ ਏਂ,
ਤੂੰ ਰੰਗੇ ਗ਼ੁਲ ਵੀ ਏਂ, ਮਹਤਾਬ ਵੀ ਏਂ।

(193)

ਤੂੰ ਮੇਰੀਆਂ ਗੁਸਤਾਖੀਆਂ ਮਾਫ਼ ਕਰ ਦੇ,
ਤੂੰ ਮੇਰੀਆਂ ਬੇਬਾਕੀਆਂ ਮਾਫ਼ ਕਰ ਦੇ।
ਜੇ ਕਹੇਂ ਤਾਂ ਆਪਣੇ ਦਿਲ ਦਾ ਹਾਲ ਕਹਾਂ,
ਆਪਣੀ ਮੁਸਕਰਾਹਟ ਨਾਲ ਆਬਾਦ ਆਸ਼ਿਆਂ ਕਰਦੇ।

(194)

ਤੂੰ ਸ਼ੋਖ ਅਦਾ ਏਂ,
ਤੂੰ ਸਰਾਪਾ ਕਜ਼ਾਂ ਏਂ।
ਤੂੰ ਮਸਤਾਨਾ ਸਦਾ ਏਂ,
ਤੂੰ ਘੰਘੋਰ ਘਟਾ ਏਂ।

(195)

ਤੂੰ ਅੱਬਰੇ ਬਹਾਰ ਏਂ,
ਤੂੰ ਨਿੱਘਾ ਪਿਆਰ ਏਂ।
ਤੂੰ ਮੇਰਾ ਇੰਤਜ਼ਾਰ ਏਂ,
ਤੂੰ ਰੰਗੀਨ ਨਿਗਾਰ ਏਂ।

(196)

ਤੂੰ ਅਰੂਜੇ ਮਹਤਾਬ ਏਂ,
ਤੂੰ ਚਮਕਦਾ ਆਫਤਾਬ ਏਂ।
ਤੂੰ ਰੌਣਕੇ ਬਜ਼ਮ ਏਂ,
ਤੂੰ ਸੁਹਾਵਣੀ ਰਾਤ ਏਂ।

(197)

ਤੂੰ ਦਿਲ-ਨਸ਼ੀ ਏਂ,
ਤੂੰ ਸੁਰ-ਮਗੀਂ ਏਂ।
ਤੂੰ ਪਰਦਾ ਨਸ਼ੀਂ ਏਂ,
ਤੂੰ ਨਿਗਾਹੇ ਹਸੀਂ ਏਂ।

(198)

ਤੂੰ ਦਿਲ ਦਾ ਕਰਾਰ ਏਂ,
ਤੂੰ ਪਰਵਰਦਗਾਰ ਏਂ।
ਤੂੰ ਜਾਨੇ ਬਹਾਰ ਏਂ,
ਤੂੰ ਖ਼ੁਦ ਇਤਬਾਰ ਏਂ।

(199)

ਤੂੰ ਫਿਰਦੌਸੇ ਫਿਜ਼ਾਂ ਏਂ,
ਤੂੰ ਕੌਸੇ ਕਜ਼ਾ ਏਂ।
ਤੂੰ ਰਸ਼ਕੇ ਮਹਤਾਬ ਏਂ,
ਤੂੰ ਸਾਜ਼ੇ ਸ਼ਰਾਬ ਏਂ।

(200)

ਤੂੰ ਮੇਰਾ ਆਸ਼ਿਆਂ ਏਂ,
ਤੂੰ ਨਿਸ਼ਾਤੇ ਜਵਾਨ ਏਂ।
ਤੂੰ ਰੂਹੇ ਰਵਾਂ ਏਂ,
ਤੂੰ ਮੇਰੀ ਦਾਸਤਾਂ ਏਂ।

(201)

ਤੂੰ ਮੇਰਾ ਕਾਸ਼ਾਨਾ ਏਂ,
ਤੂੰ ਮੇਰਾ ਪੈਮਾਨਾ ਏਂ।
ਤੂੰ ਮੇਰਾ ਅਫਸਾਨਾ ਏਂ,
ਤੂੰ ਮੇਰਾ ਮੈਖਾਨਾ ਏਂ।

(202)

ਤੂੰ ਹੰਗਾਮੇ ਇਸ਼ਰਤ ਏਂ,
ਤੂੰ ਰੂਦਾਦੇ ਮੁਹੱਬਤ ਏਂ।
ਤੂੰ ਮੇਰੀ ਗੁਲਫ਼ਾਮ ਏਂ,
ਤੂੰ ਛਲਕਦਾ ਜਾਮ ਏਂ।

(203)

ਜੇ ਤੂੰ ਮੈਨੂੰ ਯਾਦ ਏਂ, ਤਾਂ ਜੀਵਨ ਬਹਿਸ਼ਤ ਏ,
ਜੇ ਤੂੰ ਮੈਨੂੰ ਯਾਦ ਏਂ, ਤਾਂ ਜੀਵਨ ਅਜ਼ਮਤ ਏ।
ਜੇ ਤੂੰ ਮੈਨੂੰ ਯਾਦ ਏਂ, ਤਾਂ ਜੀਵਨ ਅਕੀਦਤ ਏ,
ਜੇ ਤੂੰ ਮੈਨੂੰ ਯਾਦ ਏਂ, ਤਾਂ ਜੀਵਨ ਅਬਾਦਤ ਏ।

(204)

ਜੇ ਤੂੰ ਮੇਰੇ ਨਾਲ ਏਂ, ਤਾਂ ਕਲੀ ਸ਼ਰਮਸਾਰ ਏ,
ਜੇ ਤੂੰ ਮੇਰੇ ਨਾਲ ਏਂ, ਤਾਂ ਜੀਵਨ ਬਹਾਰ ਏ।
ਜੇ ਤੂੰ ਮੇਰੇ ਨਾਲ ਏਂ ਤਾਂ ਦਿਲ ਨੂੰ ਕਰਾਰ ਏ,
ਜੇ ਤੂੰ ਮੇਰੇ ਨਾਲ ਏਂ ਤਾਂ ਜ਼ੀਸਤੇ ਇਤਬਾਰ ਏ।

(205)

ਜੇ ਤੂੰ ਮੇਰੀ ਹਮਦਮ ਏਂ, ਤਾਂ ਜੀਵਨ ਹਕੀਕਤ ਏ,
ਜੇ ਤੂੰ ਮੇਰੀ ਹਮਦਮ ਏਂ, ਤਾਂ ਜੀਵਨ ਉਲਫਤ ਏ।
ਜੇ ਤੂੰ ਮੇਰੀ ਹਮਦਮ ਏਂ, ਤਾਂ ਜੀਵਨ ਮੁਸੱਰਤ ਏ,
ਜੇ ਤੂੰ ਮੇਰੀ ਹਮਦਮ ਏਂ, ਤਾਂ ਜੀਵਨ ਮੁਹੱਬਤ ਏ।

(206)

ਜੇ ਤੂੰ ਮੇਰੀ ਹਮਰਾਹ ਏਂ,
ਤਾਂ ਤਾਰਿਆਂ ਦੀ ਸ਼ਮਾ ਹਰਦਮ ਜਲਦੀ ਰਹੇਗੀ,
ਜੇ ਤੂੰ ਮੇਰੀ ਹਮਰਾਹ ਏਂ,
ਤਾਂ ਫੁਲਾਂ ਦੀ ਖ਼ੁਸ਼ਬੂ ਹਰਦਮ ਮਹਿਕਦੀ ਰਹੇਗੀ।
ਜੇ ਤੂੰ ਮੇਰੀ ਹਮਰਾਹ ਏਂ,
ਤਾਂ ਬੁਲਬੁਲ ਦੀ ਆਵਾਜ਼ ਹਰਦਮ ਚਹਕਦੀ ਰਹੇਗੀ,
ਜੇ ਤੂੰ ਮੇਰੀ ਹਮਰਾਹ ਏਂ,
ਤਾਂ ਸਾਵਣ ਦੀ ਬਿਜਲੀ ਹਰਦਮ ਚਮਕਦੀ ਰਹੇਗੀ।

(207)

ਤੂੰ ਮੇਰੇ ਦਿਲ ਵਿਚ ਵਸਦੀ ਏਂ,
ਤੂੰ ਮੇਰੇ ਖ਼ਾਬਾਂ ਵਿਚ ਵਸਦੀ ਏਂ।
ਤੂੰ ਮੇਰੇ ਚਿੱਤ ਵਿਚ ਵਸਦੀ ਏਂ,
ਤੂੰ ਮੇਰੇ ਖਿਆਲਾਂ ਵਿਚ ਵਸਦੀ ਏਂ।

(208)

ਤੇਰੇ ਬਿਨਾ ਮੇਰੀ ਜ਼ਿੰਦਗੀ ਦਾ ਕੋਈ ਮਕਸਦ ਹੀ ਨਹੀਂ,
ਤੇਰੇ ਬਿਨਾ ਮੇਰੀ ਜ਼ਿੰਦਗੀ ਦੀ ਕੋਈ ਮੰਜਿਲ ਹੀ ਨਹੀਂ।
ਤੇਰੇ ਬਿਨਾ ਮੇਰਾ ਹਰ ਗੀਤ ਹਰ ਨਜ਼ਮ ਅਧੂਰੀ ਏ,
ਤੇਰੇ ਬਿਨਾ ਤਕਮੀਲੇ ਮੁਕੱਮਲ ਕੋਈ ਗ਼ਜ਼ਲ ਹੀ ਨਹੀਂ।

(209)